ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 26 ਨਵੀਂ ਦਿੱਲੀ, ਸੋਮਵਾਰ 26 ਜਨਵਰੀ, 2026, Monday 26 January, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਤਿੱਬਤ ਵਿੱਚ ਭੂਚਾਲ ਦੇ ਝਟਕੇ; ਰਿਕਟਰ ਸਕੇਲ 'ਤੇ ਤੀਬਰਤਾ 3.7

ਲਹਾਸਾ [ਤਿੱਬਤ], 25 ਜਨਵਰੀ (ਪ੍ਰਤੀਨਿਧੀ) : ਤਿੱਬਤ ਵਿਚ ਅੱਜ ਸਵੇਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 3.7 ਮਾਪੀ ਗਈ।

ਇਹ ਜਾਣਕਾਰੀ ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ ਨੇ ਜਾਰੀ ਕਰਦਿਆਂ ਕਿਹਾ ਕਿ ਐਤਵਾਰ ਨੂੰ ਤਿੱਬਤ ਵਿੱਚ 3.7 ਸ਼ਿੱਦਤ ਵਾਲਾ ਭੂਚਾਲ ਆਇਆ। ਇਸ ਭੂਚਾਲ ਦੀ ਡੂੰਘਾਈ 10 ਕਿਲੋਮੀਟਰ ਸੀ।

## ਅਕਾਸਾ ਏਅਰ ਦੀਆਂ ਉਤਰੀ ਭਾਰਤ ਵਿਚ ਜ਼ਿਆਦਾਤਰ ਉਡਾਨਾਂ ਰੱਦ

ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ): ਉੱਤਰੀ ਭਾਰਤ ਖਾਸ ਕਰਕੇ ਦਿੱਲੀ ਅਤੇ ਸ੍ਰੀਨਗਰ ਵਿੱਚ ਸੰਘਣੀ ਧੁੰਦ ਕਾਰਨ ਅਕਾਸਾ ਏਅਰ ਦੀਆਂ ਜ਼ਿਆਦਾਤਰ ਉਡਾਨਾਂ ਰੱਦ ਹੋ ਗਈਆਂ ਹਨ ਤੇ ਕਈ ਦੇਰੀ ਨਾਲ ਚਲ ਰਹੀਆਂ ਹਨ। ਇਸ ਏਅਰਲਾਈਨ ਨੇ ਯਾਤਰੀਆਂ ਨੂੰ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਦੀ ਸਲਾਹ ਦਿੱਤੀ ਹੈ।ਅਕਾਸਾ ਏਅਰ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, 'ਉੱਤਰੀ ਭਾਰਤ ਵਿੱਚ ਧੁੰਦ ਕਾਰਨ ਸਾਡੇ ਨੈੱਟਵਰਕ ਦੀਆਂ ਕੁਝ ਉਡਾਣਾਂ ਪ੍ਰਭਾਵਿਤ ਹੋਈਆਂ ਹਨ।

### 77ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ ਰਾਸ਼ਟਰਪਤੀ ਵੱਲੋਂ ਦੇਸ਼ ਨੂੰ ਸੰਬੋਧਨ

## ਗਣਤੰਤਰ ਦਿਵਸ ਦਾ ਤਿਉਹਾਰ ਦੇਸ਼ ਵਾਸੀਆਂ 'ਚ ਰਾਸ਼ਟਰੀ ਏਕਤਾ ਅਤੇ ਮਾਣ ਦੀ ਭਾਵਨਾ ਨੂੰ ਮਜ਼ਬੂਤ ਕਰਦੈ: ਦ੍ਰੌਪਦੀ ਮੁਰਮੂ



ਨਵੀਂ ਦਿੱਲੀ, 25 ਜਨਵਰੀ (ਅੰਮ੍ਰਿਤਪਾਲ ਸਿੰਘ) : 77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਦਾ ਤਿਉਹਾਰ ਦੇਸ਼ ਵਾਸੀਆਂ ਵਿੱਚ ਰਾਸ਼ਟਰੀ ਏਕਤਾ ਅਤੇ ਮਾਣ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਏਕਤਾ ਦੇ ਸਰੂਪਾਂ ਨੂੰ ਜੀਵੰਤ ਰੱਖਣ ਦਾ ਹਰ ਯਤਨ ਬਹੁਤ ਸ਼ਲਾਘਾਯੋਗ ਹੈ।

**ਕਿਸਾਨਾਂ ਅਤੇ ਸੇਵਾਦਾਰਾਂ ਦਾ ਵਿਸ਼ੇਸ਼ ਜ਼ਿਕਰ**

ਰਾਸ਼ਟਰਪਤੀ ਨੇ ਦੇਸ਼ ਦੇ ਵਿਕਾਸ ਵਿੱਚ ਵੱਖ-ਵੱਖ ਵਰਗਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਦੇਸ਼ ਦੇ ਕਿਸਾਨ ਅੰਨ ਪੈਦਾ ਕਰਕੇ ਦੇਸ਼ ਦੀ ਸੱਚੀ ਸੇਵਾ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪੁਲਸ ਕਰਮਚਾਰੀਆਂ, ਕੇਂਦਰੀ ਹਥਿਆਰਬੰਦ ਬਲਾਂ ਦੇ ਜਵਾਨਾਂ, ਡਾਕਟਰਾਂ, ਨਰਸਾਂ, ਸਿਹਤ ਕਰਮਚਾਰੀਆਂ ਅਤੇ ਇੰਜੀਨੀਅਰਾਂ ਦੇ ਯੋਗਦਾਨ ਨੂੰ ਵੀ ਸਲਾਹਿਆ, ਜੋ ਦੇਸ਼ ਦੀ ਅੰਦਰੂਨੀ ਰੱਖਿਆ ਅਤੇ ਵਿਕਾਸ ਲਈ ਤਤਪਰ ਰਹਿੰਦੇ ਹਨ।

**ਇਤਿਹਾਸਕ ਪਲ ਅਤੇ ਭਵਿੱਖ ਦੀ ਦਿਸ਼ਾ**

ਰਾਸ਼ਟਰਪਤੀ ਨੇ ਦੱਸਿਆ ਕਿ ਇਸ ਸਾਲ ਗਣਤੰਤਰ ਦਿਵਸ ਦੇ ਨਾਲ-ਨਾਲ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦਾ ਉਤਸਵ ਵੀ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਾਵਨ ਪਵਿੱਤਰ ਅਵਸਰ ਸਾਡੇ ਅਤੀਤ, ਵਰਤਮਾਨ ਅਤੇ ਭਵਿੱਖ ਦਾ ਅਵਲੋਕਨ ਕਰਨ ਦਾ ਮੌਕਾ ਹੈ। ਭਾਰਤ ਦੀ ਲੋਕਤੰਤਰੀ ਯਾਤਰਾ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਆਪਣੀ ਰਾਸ਼ਟਰੀ ਕਿਸਮਤ ਦੇ ਖੁਦ ਨਿਰਮਾਤਾ ਬਣੇ ਹਾਂ।

**ਕਰੱਤਵ ਪੱਥ 'ਤੇ ਹੋਵੇਗੀ ਸ਼ਾਨਦਾਰ ਪਰੇਡ**

26 ਜਨਵਰੀ ਨੂੰ ਦੇਸ਼ ਭਰ ਵਿੱਚ 77ਵਾਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ। ਨਵੀਂ ਦਿੱਲੀ ਦੇ ਕਰੱਤਵ ਪੱਥ 'ਤੇ ਇੱਕ ਵਿਸ਼ਾਲ ਪਰੇਡ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਅਤੇ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਜਾਵੇਗਾ।

### ਪ੍ਰਧਾਨ ਮੰਤਰੀ ਨੇ ਕੀਤੀ 'ਮਨ ਕੀ ਬਾਤ'

## ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਈਕੋਸਿਸਟਮ ਬਣ ਗਿਆ ਹੈ ਭਾਰਤ: ਮੋਦੀ

### 'ਦੇਸ਼ ਭਰ ਵਿਚ ਚਲਾਈ ਜਾ ਰਹੀ ਹੈ ਮਾਂ ਦੇ ਨਾਮ 'ਤੇ ਇਕ ਰੁੱਖ' ਮੁਹਿੰਮ'



ਨਵੀਂ ਦਿੱਲੀ, 25 ਜਨਵਰੀ (ਅੰਮ੍ਰਿਤਪਾਲ ਸਿੰਘ) :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੀ ਪਹਿਲੀ ਮਨ ਕੀ ਬਾਤ ਦੌਰਾਨ ਸੰਬੋਧਨ ਕਰਦਿਆਂ ਸਟਾਰਟ-ਅੱਪ ਇੰਡੀਆ ਪਹਿਲਕਦਮੀ ਦੀ 10ਵੀਂ ਵਰ੍ਹੇਗੰਢ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਰਤ ਇਸ ਵੇਲੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਕੇਂਦਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਟਾਰਟ-ਅੱਪ ਪ੍ਰਣਾਲੀ ਸਾਲ 2016 ਵਿੱਚ ਸ਼ੁਰੂ ਹੋਈ ਸੀ ਜਿਸ ਵਿਚ 500 ਤੋਂ ਘੱਟ ਸਟਾਰਟ-ਅੱਪ ਸੀ ਪਰ ਇਹ ਅੱਜ ਵਧ ਕੇ 200,000 ਤੋਂ ਵੱਧ ਮਾਨਤਾ ਪ੍ਰਾਪਤ ਸੰਸਥਾਵਾਂ ਤੱਕ ਪਹੁੰਚ ਗਈ ਹੈ। ਸ੍ਰੀ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 130ਵੇਂ ਐਪੀਸੋਡ ਦੌਰਾਨ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਸੋਸ਼ਲ ਮੀਡੀਆ ਰੁਝਾਨ ਦਾ ਹਵਾਲਾ ਦਿੱਤਾ ਜਿਸ ਵਿੱਚ ਲੋਕ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ।ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਵੀ ਦੇਸ਼ ਨਾਲ ਇੱਕ ਅਜਿਹੀ ਯਾਦ ਸਾਂਝੀ ਕਰਨਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਯਾਦ ਕੀਤਾ ਕਿ ਇੱਕ ਦਹਾਕਾ ਪਹਿਲਾਂ ਨੌਜਵਾਨਾਂ ਨੇ ਦੇਸ਼ ਲਈ ਸਟਾਰਟ-ਅੱਪ ਇੰਡੀਆ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ।ਉਸ ਵੇਲੇ ਵੱਡੀ ਗਿਣਤੀ ਲੋਕਾਂ ਨੂੰ ਪਤਾ ਨਹੀਂ ਸੀ ਕਿ ਇਹ ਕੀ ਹੈ ਪਰ ਇਹ ਦੇਸ਼ ਦਾ ਅਹਿਮ ਹਿੱਸਾ ਬਣ ਗਏ ਹਨ ਤੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਕਾਬਲੀਅਤ ਜ਼ਰੀਏ ਹੀ ਦੇਸ਼ ਵਿਕਾਸ ਕਰ ਰਿਹਾ ਹੈ।ਉਨ੍ਹਾਂ ਕਿਹਾ, 'ਇਨ੍ਹੀਂ ਦਿਨੀਂ ਮੈਂ ਸੋਸ਼ਲ ਮੀਡੀਆ 'ਤੇ ਇਕ ਦਿਲਚਸਪ ਰੁਝਾਨ ਦੇਖ ਰਿਹਾ ਹਾਂ। ਲੋਕ ਸਾਲ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ। ਇਸੇ ਭਾਵਨਾ ਨਾਲ, ਅੱਜ ਮੈਂ ਵੀ ਤੁਹਾਡੇ ਨਾਲ ਆਪਣੀ ਇਕ ਯਾਦ ਸਾਂਝੀ ਕਰਨਾ ਚਾਹੁੰਦਾ ਹਾਂ। ਦਸ ਸਾਲ ਪਹਿਲਾਂ, ਜਨਵਰੀ 2016 ਵਿਚ, ਅਸੀਂ ਇਕ ਮਹੱਤਵਾਕਾਂਖੀ ਯਾਤਰਾ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ, 'ਏਆਈ, ਸਪੇਸ, ਨਿਊਕਲੀਅਰ ਐਨਰਜੀ, ਸੈਮੀਕੰਡਕਟਰ, ਮੋਬਿਲਿਟੀ, ਗ੍ਰੀਨ ਹਾਈਡ੍ਰੋਜਨ, ਬਾਇਓਟੈਕਨਾਲੋਜੀ - ਤੁਸੀਂ ਇਸ ਨੂੰ ਨਾਮ ਦਿਓ, ਅਤੇ ਤੁਹਾਨੂੰ ਉਸ ਖੇਤਰ ਵਿਚ ਕੰਮ ਕਰਨ ਵਾਲਾ ਇਕ ਭਾਰਤੀ ਸਟਾਰਟ-ਅੱਪ ਮਿਲੇਗਾ। ਮੈਂ ਆਪਣੇ ਸਾਰੇ ਨੌਜਵਾਨ ਦੋਸਤਾਂ ਨੂੰ ਸਲਾਮ ਕਰਦਾ ਹਾਂ ਜੋ ਕਿਸੇ ਸਟਾਰਟ-ਅੱਪ ਨਾਲ ਜੁੜੇ ਹੋਏ ਹਨ ਜਾਂ ਆਪਣਾ ਸਟਾਰਟ-ਅੱਪ ਸ਼ੁਰੂ ਕਰਨਾ ਚਾਹੁੰਦੇ ਹਨ...'।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ 'ਵਾਤਾਵਰਣ ਸੁਰੱਖਿਆ ਦੀ ਇਹੀ ਭਾਵਨਾ ਅੱਜ ਵੱਡੇ ਪੱਧਰ 'ਤੇ ਦੇਖੀ ਜਾ ਰਹੀ ਹੈ। ਇਸੇ ਸੋਚ ਨੂੰ ਧਿਆਨ ਵਿਚ ਰੱਖਦੇ ਹੋਏ, 'ਮਾਂ ਦੇ ਨਾਮ 'ਤੇ ਇਕ ਰੁੱਖ' ਮੁਹਿੰਮ ਦੇਸ਼ ਭਰ ਵਿਚ ਚਲਾਈ ਜਾ ਰਹੀ ਹੈ। ਅੱਜ ਲੱਖਾਂ ਲੋਕ ਇਸ ਮੁਹਿੰਮ ਵਿਚ ਸ਼ਾਮਲ ਹੋਏ ਹਨ, ਅਤੇ ਦੇਸ਼ ਭਰ ਵਿਚ 2 ਅਰਬ ਤੋਂ ਵੱਧ ਰੁੱਖ ਲਗਾਏ ਗਏ ਹਨ। ਇਹ ਦਰਸਾਉਂਦਾ ਹੈ ਕਿ ਲੋਕ ਹੁਣ ਵਾਤਾਵਰਣ ਸੁਰੱਖਿਆ ਪ੍ਰਤੀ ਵਧੇਰੇ ਜਾਗਰੂਕ ਹਨ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਯੋਗਦਾਨ ਪਾਉਣਾ ਚਾਹੁੰਦੇ ਹਨ...'।

### 'ਸਾਨੂੰ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਦਿੰਦੈ ਗਣਤੰਤਰ ਦਿਵਸ'

ਨਵੀਂ ਦਿੱਲੀ, , 25 ਜਨਵਰੀ (ਪ੍ਰਤੀਨਿਧੀ) : ਮਨ ਕੀ ਬਾਤ' ਦੇ 130ਵੇਂ ਐਪੀਸੋਡ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਇਹ ਸਾਲ 2026 ਦਾ ਪਹਿਲਾ 'ਮਨ ਕੀ ਬਾਤ' ਹੈ।, 26 ਜਨਵਰੀ ਨੂੰ, ਅਸੀਂ ਸਾਰੇ ਗਣਤੰਤਰ ਦਿਵਸ ਮਨਾਵਾਂਗੇ। ਸਾਡਾ ਸੰਵਿਧਾਨ ਇਸ ਦਿਨ ਲਾਗੂ ਹੋਇਆ ਸੀ। ਇਹ ਦਿਨ, 26 ਜਨਵਰੀ, ਸਾਨੂੰ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਦਿੰਦਾ ਹੈ...'।

### ਦੁਨੀਆਂ ਦੇ ਹਰ ਕੋਨੇ 'ਚ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਏ ਜਾਂਦੇ ਹਨ ਭਾਰਤੀ ਤਿਉਹਾਰ : ਮੋਦੀ

ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ) : ਮਨ ਕੀ ਬਾਤ ਦੇ 130ਵੇਂ ਐਪੀਸੋਡ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਲੋਕਾਂ ਨੇ ਤਮਸਾ ਨਦੀ ਨੂੰ ਨਵਾਂ ਜੀਵਨ ਦਿੱਤਾ ਹੈ। ਤਮਸਾ ਸਿਰਫ਼ ਇਕ ਨਦੀ ਨਹੀਂ ਹੈ, ਸਗੋਂ ਸਾਡੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਇਕ ਜੀਵਤ ਧਾਰਾ ਹੈ। ਇਹ ਨਦੀ, ਜੋ ਅਯੁੱਧਿਆ ਤੋਂ ਨਿਕਲਦੀ ਹੈ ਅਤੇ ਗੰਗਾ ਵਿਚ ਮਿਲ ਜਾਂਦੀ ਹੈ, ਕਦੇ ਇਸ ਖੇਤਰ ਦੇ ਲੋਕਾਂ ਦੇ ਜੀਵਨ ਦਾ ਕੇਂਦਰ ਸੀ, ਪਰ ਪ੍ਰਦੂਸ਼ਣ ਨੇ ਇਸਦੇ ਨਿਰਵਿਘਨ ਵਹਾਅ ਨੂੰ ਵਿਗਾੜ ਦਿੱਤਾ ਸੀ... ਇਥੋਂ ਦੇ ਲੋਕਾਂ ਨੇ ਇਸਨੂੰ ਇਕ ਨਵਾਂ ਜੀਵਨ ਦੇਣ ਲਈ ਇਕ ਮੁਹਿੰਮ ਚਲਾਈ। ਨਦੀ ਨੂੰ ਸਾਫ਼ ਕੀਤਾ ਗਿਆ, ਅਤੇ ਇਸਦੇ ਕੰਢਿਆਂ 'ਤੇ ਰੁੱਖ ਲਗਾਏ ਗਏ...'। ਉਨ੍ਹਾਂ ਕਿਹਾ, 'ਅੱਜ ਸਾਡੀ ਸੰਸਕ੍ਰਿਤੀ ਅਤੇ ਤਿਉਹਾਰ ਦੁਨੀਆ ਭਰ ਵਿਚ ਆਪਣੀ ਛਾਪ ਛੱਡ ਰਹੇ ਹਨ। ਭਾਰਤੀ ਤਿਉਹਾਰ ਦੁਨੀਆ ਦੇ ਹਰ ਕੋਨੇ ਵਿਚ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਏ ਜਾਂਦੇ ਹਨ। ਸਾਡੇ ਭਾਰਤੀ ਭਰਾਵਾਂ ਅਤੇ ਭੈਣਾਂ ਦਾ ਹਰ ਤਰ੍ਹਾਂ ਦੀ ਸੱਭਿਆਚਾਰਕ ਜੀਵੰਤਤਾ ਨੂੰ ਬਣਾਈ ਰੱਖਣ ਵਿਚ ਮਹੱਤਵਪੂਰਨ ਯੋਗਦਾਨ ਹੈ।'

## ਮੋਦੀ ਨੇ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੂੰ ਜਨਮ ਦਿਨ ਦੀਆਂ ਦਿੱਤੀਆਂ ਸ਼ੁਭਕਾਮਨਾਵਾਂ



ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਜਨਤਕ ਸੇਵਾ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਅਗਵਾਈ ਨੂੰ ਰਾਜ ਦੇ ਲੋਕਾਂ ਲਈ ਫ਼ਾਇਦੇਮੰਦ ਦੱਸਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,"ਜਨਸੇਵਾ 'ਚ ਸਮਰਪਿਤ ਹਰਿਆਣਾ ਦੇ ਊਰਜਾਵਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜੀ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ।" ਸੈਣੀ ਦੇ ਪ੍ਰਸ਼ਾਸਨਿਕ ਅਨੁਭਵ 'ਤੇ ਰੌਸ਼ਨੀ ਪਾਉਂਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਜ਼ਮੀਨੀ ਹਕੀਕਤਾਂ ਬਾਰੇ ਉਨ੍ਹਾਂ ਦੀ ਸਮਝ ਨੇ ਹਰਿਆਣਾ 'ਚ ਸ਼ਾਸਨ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਉਨ੍ਹਾਂ ਕਿਹਾ,"ਉਨ੍ਹਾਂ ਦਾ ਜ਼ਮੀਨੀ ਅਨੁਭਵ ਰਾਜ ਦੇ ਮੇਰੇ ਪਰਿਵਾਰ ਵਾਲਿਆਂ ਲਈ ਬਹੁਤ ਕਲਿਆਣਕਾਰੀ ਸਿੱਧ ਹੋ ਰਿਹਾ ਹੈ।"ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਸੈਣੀ ਦੀ ਅਗਵਾਈ 'ਚ ਰਾਜ ਦੀ ਤਰੱਕੀ 'ਤੇ ਭਰੋਸਾ ਜ਼ਾਹਰ ਕੀਤਾ। ਉਨ੍ਹਾਂ ਕਿਹਾ,"ਉਨ੍ਹਾਂ ਦੀ ਅਗਵਾਈ 'ਚ ਰਾਜ ਦੀ ਤਰੱਕੀ 'ਤੇ ਭਰੋਸਾ ਜ਼ਾਹਰ ਕੀਤਾ। ਉਨ੍ਹਾਂ ਕਿਹਾ,"ਉਨ੍ਹਾਂ ਦੀ ਅਗਵਾਈ 'ਚ ਸਾਡਾ ਇਹ ਪ੍ਰਿਯ ਪ੍ਰਦੇਸ਼ ਵਿਕਾਸ ਦੀ ਰਾਹ 'ਤੇ ਲਗਾਤਾਰ ਅੱਗੇ ਹੈ।" ਪ੍ਰਧਾਨ ਮੰਤਰੀ ਨੇ ਮੁੱਖ ਮੰਤਰੀ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਲਈ ਨਿੱਜੀ ਤੌਰ 'ਤੇ ਪ੍ਰਾਰਥਨਾ ਕੀਤੀ।

## ਦਿੱਲੀ ਵਿੱਚ ਪ੍ਰਦੂਸ਼ਨ ਘਟਿਆ; ਏ.ਕਿਊ.ਆਈ. ਹੋਇਆ 150



ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ) : ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਕੌਮੀ ਰਾਜਧਾਨੀ ਵਿੱਚ ਸਰਦੀਆਂ ਦੇ ਮੀਂਹ ਤੋਂ ਬਾਅਦ ਦਿੱਲੀ ਵਿਚ ਪ੍ਰਦੂਸ਼ਣ ਘਟ ਗਿਆ ਹੈ। ਇੱਥੇ ਅੱਜ ਐਤਵਾਰ ਸਵੇਰੇ 8 ਵਜੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 150 ਦਰਜ ਕੀਤਾ ਗਿਆ।ਭਾਰਤ ਮੌਸਮ ਵਿਭਾਗ ਅਨੁਸਾਰ ਦਿੱਲੀ-ਐਨਸੀਆਰ ਵਿੱਚ ਅੰਸ਼ਕ ਤੌਰ 'ਤੇ ਬੱਦਲਵਾਈ ਰਹੇਗੀ ਅਤੇ 10-15 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਰਾਤ ਵੇਲੇ ਧੁੰਦ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ ਤਾਪਮਾਨ 7.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਨੇਹਵਾ ਦੀ ਗੁਣਵੱਤਾ ਅਤੇ ਮੌਸਮ ਸਾਫ ਰਹਿਣ ਦੇ ਮੱਦੇਨਜ਼ਰ ਦਿੱਲੀ-ਐਨਸੀਆਰ ਵਿੱਚ ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (ਗ੍ਰੈਪ) ਦੇ ਪੜਾਅ 3 ਨੂੰ ਹਟਾ ਦਿੱਤਾ ਹੈ।

## ਰਾਹੁਲ ਗਾਂਧੀ ਵਲੋਂ ਹਿਮਾਚਲ ਪ੍ਰਦੇਸ਼ ਦੇ ਸਾਰੇ ਵਾਸੀਆਂ ਨੂੰ ਰਾਜ ਦਿਵਸ ਦੇ ਮੌਕੇ 'ਤੇ ਵਧਾਈ

ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ): ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਦੇਵਭੂਮੀ' ਹਿਮਾਚਲ ਪ੍ਰਦੇਸ਼ ਦੇ ਸਾਰੇ ਨਿਵਾਸੀਆਂ ਨੂੰ ਰਾਜ ਦਿਵਸ ਦੇ ਮੌਕੇ 'ਤੇ ਵਧਾਈ ਦਿੱਤੀ।ਗਾਂਧੀ ਨੇ ਐਕਸ ਨੂੰ ਲੈ ਕੇ ਪੋਸਟ ਕੀਤਾ, 'ਰਾਜ ਦਿਵਸ ਦੇ ਮੌਕੇ 'ਤੇ ਦੇਵਭੂਮੀ ਹਿਮਾਚਲ ਪ੍ਰਦੇਸ਼ ਦੇ ਸਾਰੇ ਨਿਵਾਸੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ। ਕੁਦਰਤੀ ਸੁੰਦਰਤਾ ਅਤੇ ਸੱਭਿਆਚਾਰਕ ਖਜ਼ਾਨਿਆਂ ਨਾਲ ਭਰਪੂਰ ਹਿਮਾਚਲ ਇਕ ਸੁੰਦਰ ਅਤੇ ਖੁਸ਼ਹਾਲ ਰਾਜ ਹੈ। ਮੈਂ ਰਾਜ ਦੀ ਨਿਰੰਤਰ ਸਫਲਤਾ ਅਤੇ ਤਰੱਕੀ ਦੀ ਕਾਮਨਾ ਕਰਦਾ ਹਾਂ।'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਰਾਜ ਦੇ 56ਵੇਂ ਰਾਜ ਦਿਵਸ 'ਤੇ ਸ਼ੁਭਕਾਮਨਾਵਾਂ ਦਿੱਤੀਆਂ। 'ਕੁਦਰਤ ਅਤੇ ਸੱਭਿਆਚਾਰ ਦੇ ਸੰਗਮ, ਹਿਮਾਚਲ ਪ੍ਰਦੇਸ਼ ਦੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਪੂਰਨ ਰਾਜ ਦਿਵਸ ਦੇ ਮੌਕੇ 'ਤੇ ਦਿਲੋਂ ਸ਼ੁਭਕਾਮਨਾਵਾਂ। ਆਪਣੀ ਅਸਾਧਾਰਨ ਪ੍ਰਤਿਭਾ ਅਤੇ ਬਹਾਦਰੀ ਨਾਲ, ਉਨ੍ਹਾਂ ਨੇ ਹਮੇਸ਼ਾ ਭਾਰਤ ਮਾਤਾ ਦੀ ਸੇਵਾ ਕੀਤੀ ਹੈ। ਮੈਂ ਉਨ੍ਹਾਂ ਦੇ ਉੱਜਵਲ ਭਵਿੱਖ ਦੇ ਨਾਲ-ਨਾਲ ਇਸ ਬ੍ਰਹਮ ਭੂਮੀ ਦੀ ਖੁਸ਼ਹਾਲੀ ਦੀ ਕਾਮਨਾ ਕਰਦਾ ਹਾਂ," ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਹਿੰਦੀ ਵਿਚ ਇਕ ਪੋਸਟ ਵਿਚ ਕਿਹਾ।

## ਤੇਜਸਵੀ ਯਾਦਵ ਬਣੇ ਆਰ.ਜ਼ੇ.ਡੀ.ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ, ਲਾਲੂ ਪ੍ਰਸਾਦ ਨੇ ਖਰਾਬ ਸਿਹਤ ਕਾਰਨ ਸੌਂਪੀ ਕਮਾਨ




ਪਟਨਾ, 25 ਜਨਵਰੀ (ਪ੍ਰਤੀਨਿਧੀ) : ਬਿਹਾਰ ਦੀ ਰਾਜਨੀਤੀ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਪਟਨਾ ਵਿੱਚ ਹੋਈ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੀ ਰਾਸ਼ਟਰੀ ਕਾਰਜਕਾਰਨੀ ਦੀ ਅਹਿਮ ਬੈਠਕ ਵਿੱਚ ਤੇਜਸਵੀ ਪ੍ਰਸਾਦ ਯਾਦਵ ਨੂੰ ਪਾਰਟੀ ਦਾ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਹੈ,। ਇਹ ਫੈਸਲਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਸਰਬਸੰਮਤੀ ਨਾਲ ਲਿਆ ਗਿਆ। ਲਾਲੂ ਪ੍ਰਸਾਦ ਯਾਦਵ ਦੀ ਵਧਦੀ ਉਮਰ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੇ ਪਾਰਟੀ ਦੀ ਕਮਾਨ ਆਪਣੇ ਬੇਟੇ ਤੇਜਸਵੀ ਯਾਦਵ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ। ਇਸ ਬੈਠਕ ਵਿੱਚ 20 ਤੋਂ ਵੱਧ ਸੂਬਾ ਪ੍ਰਧਾਨਾਂ, ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਮਾੜੇ ਪ੍ਰਦਰਸ਼ਨ ਨੂੰ ਲੈ ਕੇ ਤੇਜਸਵੀ ਯਾਦਵ ਸਖ਼ਤ ਰੁਖ਼ ਅਖਤਿਆਰ ਕਰ ਸਕਦੇ ਹਨ। ਦੱਸਿਆ ਜਾ ਰਿਹਾ ਹੈ ਕਿ ਲਗਭਗ 300 ਪਾਰਟੀ ਨੇਤਾਵਾਂ ਅਤੇ ਵਰਕਰਾਂ ਖਿਲਾਫ ਗਾਜ਼ ਡਿੱਗ ਸਕਦੀ ਹੈ।

ਸੂਬਾ ਪ੍ਰਧਾਨ ਮੰਗਨੀ ਲਾਲ ਮੰਡਲ ਨੇ ਇਸ ਸਬੰਧੀ ਰਿਪੋਰਟ ਤੇਜਸਵੀ ਨੂੰ ਸੌਂਪ ਦਿੱਤੀ ਹੈ, ਜਿਸ ਦੇ ਆਧਾਰ 'ਤੇ ਆਉਣ ਵਾਲੇ ਦਿਨਾਂ ਵਿੱਚ ਵੱਡੇ ਜਥੇਬੰਦਕ ਫੈਸਲੇ ਲਏ ਜਾਣ ਦੀ ਉਮੀਦ ਹੈ।ਇਸ ਦੌਰਾਨ ਪਾਰਟੀ ਦੇ ਅੰਦਰੂਨੀ ਕਲੇਸ਼ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਹਨ। ਤੇਜਸਵੀ ਦੀ ਭੈਣ ਰੋਹਿਣੀ ਆਚਾਰੀਆ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਤੇਜਸਵੀ ਯਾਦਵ ਦੀ ਅਗਵਾਈ 'ਤੇ ਸਵਾਲ ਖੜ੍ਹੇ ਕੀਤੇ ਹਨ।

## ਜੰਮੂ-ਸ੍ਰੀਨਗਰ ਕੌਮੀ ਮਾਰਗ 'ਤੇ ਆਵਾਜਾਈ ਅੰਸ਼ਕ ਤੌਰ 'ਤੇ ਬਹਾਲ

### ਵੱਡੀ ਗਿਣਤੀ ਲੋਕ ਹਾਲੇ ਵੀ ਰਸਤਿਆਂ ਵਿਚ ਫਸੇ; ਬਰਫ ਕਾਰਨ ਤਿਲਕਣ ਵਧੀ; ਕਈ ਵਾਹਨਾਂ ਦਾ ਨੁਕਸਾਨ



ਜੰਮੂ, 25 ਜਨਵਰੀ (ਪ੍ਰਤੀਨਿਧੀ): ਜੰਮੂ-ਸ੍ਰੀਨਗਰ ਕੌਮੀ ਮਾਰਗ ਭਾਰੀ ਬਰਫ਼ਬਾਰੀ ਕਾਰਨ ਦੋ ਦਿਨਾਂ ਤੋਂ ਵੱਧ ਸਮੇਂ ਤੱਕ ਬੰਦ ਰਿਹਾ ਸੀ। ਇਸ ਮਾਰਗ 'ਤੇ ਅੱਜ ਐਤਵਾਰ ਨੂੰ ਆਵਾਜਾਈ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤੀ ਗਈ ਹੈ।ਸ੍ਰੀਨਗਰ ਸਮੇਤ ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਅੱਜ ਸਵੇਰੇ ਤਾਜ਼ਾ ਬਰਫ਼ਬਾਰੀ ਹੋਈ ਜਿਸ ਕਾਰਨ ਹਾਈਵੇਅ 'ਤੇ ਬਰਫ਼ ਹਟਾਉਣ ਦੇ ਕੰਮ ਵਿੱਚ ਰੁਕਾਵਟ ਆਈ।ਟਰੈਫਿਕ ਪੁਲਿਸ ਦੇ ਇਕ ਅਧਿਕਾਰੀ ਨੇ ਕਿਹਾ, 'ਜੰਮੂ-ਸ੍ਰੀਨਗਰ ਮਾਰਗ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤਾ ਗਿਆ ਹੈ।

ਨਾਸ਼ਰੀ ਅਤੇ ਨਵਯੁਗ ਸੁਰੰਗਾਂ ਵਿਚਕਾਰ ਫਸੇ ਵਾਹਨਾਂ ਨੂੰ ਪਹਿਲਾਂ ਸਾਫ਼ ਕੀਤਾ ਜਾ ਰਿਹਾ ਹੈ। ਇੱਥੇ ਸ਼ੁੱਕਰਵਾਰ ਤੋਂ ਬਾਅਦ ਭਾਰੀ ਬਰਫ਼ਬਾਰੀ ਹੋਈ ਜਿਸ ਕਾਰਨ ਸੜਕਾਂ ਬੰਦ ਹੋਣ ਕਾਰਨ ਸੈਂਕੜੇ ਵਾਹਨ 270 ਕਿਲੋਮੀਟਰ ਲੰਬੇ ਰਾਜਮਾਰਗ 'ਤੇ ਫਸੇ ਹੋਏ ਸਨ।ਇਸ ਖੇਤਰ ਵਿਚ ਭਾਰੀ ਬਰਫਬਾਰੀ ਹੋਈ ਤੇ ਮੌਸਮ ਖਰਾਬ ਹੋਣ ਕਾਰਨ ਜੰਮੂ-ਸ੍ਰੀਨਗਰ ਕੌਮੀ ਮਾਰਗ ਅੱਜ ਤੀਜੇ ਦਿਨ ਵੀ ਸਵੇਰ ਵੇਲੇ ਬੰਦ ਰਿਹਾ। ਇਸ ਸੜਕ ਤੇ ਹੋਰ ਬੰਦ ਪਏ ਰਸਤਿਆਂ ਨੂੰ ਖੋਲ੍ਹਣ ਲਈ ਮੁਰੰਮਤ ਦਾ ਕੰਮ ਜਾਰੀ ਹੈ। ਇਥੇ ਭਾਰੀ ਬਰਫਬਾਰੀ ਕਾਰਨ ਵੱਡੀ ਗਿਣਤੀ ਲੋਕ ਰਾਹ ਵਿਚ ਫਸ ਗਏ ਹਨ ਤੇ ਸੜਕਾਂ 'ਤੇ ਤਿਲਕਣ ਵਧਣ ਕਾਰਨ ਕਈ ਗੱਡੀਆਂ ਦਾ ਨੁਕਸਾਨ ਹੋਇਆ ਹੈ। ਮੌਸਮ ਵਿਭਾਗ ਨੇ ਸੈਲਾਨੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਬਰਫਬਾਰੀ ਦੌਰਾਨ ਸੜਕਾਂ 'ਤੇ ਨਿਕਲਣ ਤੋਂ ਗੁਰੇਜ਼ ਕਰਨ।ਜਾਣਕਾਰੀ ਅਨੁਸਾਰ ਪਟਨੀਟੌਪ ਜਾਣ ਵਾਲੇ ਸੈਲਾਨੀਆਂ ਲਈ ਸੜਕ ਨੂੰ ਅਸਥਾਈ ਤੌਰ 'ਤੇ ਖੋਲ੍ਹ ਦਿੱਤਾ ਗਿਆ ਹੈ ਪਰ ਪੁਲਿਸ ਅਧਿਕਾਰੀ ਸੈਲਾਨੀਆਂ ਨੂੰ ਪਟਨੀਟੌਪ ਜਾਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਉਨ੍ਹਾਂ ਦੀਆਂ ਹੋਟਲ ਬੁਕਿੰਗਾਂ ਦੀ ਜਾਂਚ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀਨਗਰ ਜਾਣ ਵਾਲੀ ਸੜਕ ਤੋਂ ਇਲਾਵਾ ਡੋਡਾ-ਕਿਸ਼ਤਵਾੜ ਸੜਕ ਵੀ ਬੰਦ ਹੈ। ਇੱਥੇ ਕਈ ਥਾਵਾਂ 'ਤੇ ਤਾਪਮਾਨ ਮਨਫੀ ਵਿਚ ਪਹੁੰਚ ਗਿਆ ਹੈ। ਕਈ ਥਾਵਾਂ 'ਤੇ ਬਿਜਲੀ ਅਤੇ ਪਾਣੀ ਦੀ ਸਪਲਾਈ ਸਮੇਤ ਸਾਰੀਆਂ ਜ਼ਰੂਰੀ ਸੇਵਾਵਾਂ ਠੱਪ ਹਨ। ਜੰਮੂ ਦੇ ਮਸ਼ਹੂਰ ਸੈਲਾਨੀ ਕੇਂਦਰਾਂ ਪਟਨੀਟੌਪ, ਨਥਾਟੌਪ, ਸਨਾਸਰ ਅਤੇ ਬਟੋਟ, ਬਨਿਹਾਲ, ਗੂਲ ਅਤੇ ਹੋਰ ਥਾਵਾਂ 'ਤੇ ਬਰਫ਼ਬਾਰੀ ਹੋਈ, ਜਿਸ ਕਰਕੇ ਇਨ੍ਹਾਂ ਖੇਤਰਾਂ ਵਿੱਚ ਜਨਜੀਵਨ ਠੱਪ ਹੋ ਗਿਆ। ਬਟੋਟ, ਬਨੀਹਾਲ, ਗੂਲ, ਉਖਰਾਲ ਅਤੇ ਰਾਜਗੜ੍ਹ ਦਾ ਰਾਮਬਨ ਜ਼ਿਲ੍ਹਾ ਹੈੱਡਕੁਆਰਟਰ ਤੋਂ ਸੰਪਰਕ ਟੁੱਟਿਆ ਰਿਹਾ।

### ਹਿਮਾਚਲ 'ਚ 26 ਤੋਂ 28 ਤੱਕ ਭਾਰੀ ਬਰਫ਼ਬਾਰੀ ਅਤੇ ਮੀਂਹ ਦੀ ਸੰਭਾਵਨਾ

ਧਰਮਸ਼ਾਲਾ, 25 ਜਨਵਰੀ (ਪ੍ਰਤੀਨਿਧੀ) : ਹਿਮਾਚਲ ਪ੍ਰਦੇਸ਼ ਦੀ ਕਾਂਗੜਾ ਘਾਟੀ 'ਚ ਭਾਰੀ ਮੀਂਹ ਅਤੇ ਧੌਲਾਧਾਰ ਪਰਬਤ ਲੜੀ 'ਚ ਪਿਛਲੇ 2 ਦਿਨਾਂ ਤੋਂ ਹੋ ਰਹੀ ਬਰਫ਼ਬਾਰੀ ਕਾਰਨ ਤਾਪਮਾਨ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਕਈ ਮਹੀਨਿਆਂ ਦੇ ਲੰਬੇ ਸੋਕੇ ਤੋਂ ਬਾਅਦ ਹੋਈ ਇਸ ਬਾਰਿਸ਼ ਅਤੇ ਬਰਫਬਾਰੀ ਕਾਰਨ ਘਾਟੀ 'ਚ ਜਨਜੀਵਨ ਅਸਤ-ਵਿਅਸਤ ਹੋ ਗਿਆ ਹੈ।

ਭਾਰਤੀ ਮੌਸਮ ਵਿਗਿਆਨ ਵਿਭਾਗ (ਆਈਐਮਡੀ) ਨੇ ਰਾਜ ਲਈ ਅਲਰਟ ਜਾਰੀ ਕਰਦਿਆਂ ਦੱਸਿਆ ਹੈ ਕਿ 26 ਤੋਂ 28 ਜਨਵਰੀ ਤੱਕ ਇਕ ਸਰਗਰਮ ਪੱਛਮੀ ਗੜਬੜੀ ਰਾਜ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਦੇ ਚੱਲਦਿਆਂ ਕਈ ਖੇਤਰਾਂ ਵਿੱਚ ਭਾਰੀ ਬਰਫ਼ਬਾਰੀ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ।

## ਬੰਗਲਾਦੇਸ਼ ਵਿੱਚ ਅੱਗ ਲੱਗਣ ਕਾਰਨ 25 ਸਾਲਾ ਹਿੰਦੂ ਨੌਜਵਾਨ ਦੀ ਮੌਤ



ਢਾਕਾ, 25 ਜਨਵਰੀ (ਪ੍ਰਤੀਨਿਧੀ): ਬੰਗਲਾਦੇਸ਼ ਦੇ ਨਰਸਿੰਗਦੀ ਵਿੱਚ ਇੱਕ 25 ਸਾਲਾ ਹਿੰਦੂ ਨੌਜਵਾਨ ਦੀ ਅੱਗ ਲੱਗਣ ਕਾਰਨ ਮੌਤ ਹੋ ਗਈ ਜਿਸ ਦੀ ਪਛਾਣ ਚੰਚਲ ਭੌਮਿਕ ਵਜੋਂ ਹੋਈ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਉਹ ਗੈਰਾਜ ਵਿਚ ਸੌਂ ਰਿਹਾ ਸੀ ਤੇ ਇਸ ਨੂੰ ਅੱਗ ਲੱਗ ਗਈ।ਨਰਸਿੰਗਦੀ ਦੇ ਪੁਲਿਸ ਸੁਪਰਡੈਂਟ (ਐਸਪੀ) ਅਬਦੁੱਲਾ ਅਲ ਫਾਰੂਕ ਨੇ ਦੱਸਿਆ ਕਿ ਜਦੋਂ ਦੁਕਾਨ ਅੰਦਰ ਅੱਗ ਲੱਗੀ ਤਾਂ ਸੀਸੀਟੀਵੀ ਫੁਟੇਜ ਵਿੱਚ ਇੱਕ ਸ਼ੱਕੀ ਵਿਅਕਤੀ ਇਲਾਕੇ ਵਿੱਚ ਘੁੰਮਦਾ ਹੋਇਆ ਦਿਖਾਈ ਦਿੱਤਾ।ਐਸਪੀ ਨੇ ਕਿਹਾ, 'ਅਸੀਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੇ ਹਾਂ ਜਿਸ ਵਿੱਚ ਇੱਕ ਵਿਅਕਤੀ ਇਸ ਖੇਤਰ ਅੰਦਰ ਘੁੰਮਦਾ ਦਿਖਾਈ ਦੇ ਰਿਹਾ ਹੈ। ਅਸੀਂ ਜਾਂਚ ਕਰ ਰਹੇ ਹਾਂ ਕਿ ਅੱਗ ਕਿਸੇ ਬਾਹਰੀ ਕਾਰਕ ਕਾਰਨ ਲੱਗੀ ਸੀ ਜਾਂ ਬਿਜਲੀ ਦੇ ਨੁਕਸ ਕਾਰਨ।'ਪੁਲਿਸ ਸੁਪਰਡੈਂਟ ਨੇ ਦੱਸਿਆ ਕਿ ਅੱਗ ਦੁਕਾਨ ਦੇ ਅੰਦਰ ਲੱਗੀ ਸੀ ਅਤੇ ਫਾਇਰ ਸਰਵਿਸ ਵਿਭਾਗ ਦੇ ਕਾਮਿਆਂ ਨੇ ਉਸ ਨੂੰ ਬਚਾਉਣ ਲਈ ਸ਼ਟਰ ਤੋੜਿਆ, ਹਾਲਾਂਕਿ ਉਸ ਵੇਲੇ ਤਕ ਉਸ ਦੀ ਮੌਤ ਹੋ ਚੁੱਕੀ ਸੀ।ਉਨ੍ਹਾਂ ਕਿਹਾ, 'ਅਸੀਂ ਹਾਲੇ ਵੀ ਹਰ ਚੀਜ਼ ਦੀ ਜਾਂਚ ਕਰ ਰਹੇ ਹਾਂ ਅਤੇ ਹੁਣ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।'

## ਟਰੰਪ ਵੱਲੋਂ ਕੈਨੇਡਾ ਨੂੰ 100 ਫ਼ੀਸਦ ਟੈਰਿਫ ਦੀ ਧਮਕੀ

ਵਾਸ਼ਿੰਗਟਨ, 25 ਜਨਵਰੀ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਨੂੰ ਧਮਕੀ ਦਿੱਤੀ ਹੈ ਕਿ ਜੇ ਉਸ ਨੇ ਚੀਨ ਨਾਲ ਵਪਾਰ ਸਮਝੌਤਾ ਕੀਤਾ ਤਾਂ ਉਸ ਖ਼ਿਲਾਫ਼ 100 ਫ਼ੀਸਦ ਟੈਰਿਫ ਠੋਕਿਆ ਜਾਵੇਗਾ। ਟਰੰਪ ਨੇ ਸੋਸ਼ਲ ਮੀਡੀਆ ਪੋਸਟ 'ਤੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਮਝਦਾ ਹੈ ਕਿ ਉਹ ਕੈਨੇਡਾ ਨੂੰ ਚੀਨ ਦੇ ਅਮਰੀਕਾ 'ਚ ਸਾਮਾਨ ਅਤੇ ਹੋਰ ਵਸਤਾਂ ਭੇਜਣ ਦਾ ਜ਼ਰੀਆ ਬਣਾ ਰਿਹਾ ਹੈ ਤਾਂ ਉਹ ਵੱਡੀ ਭੁੱਲ ਕਰ ਰਹੇ ਹਨ। ਟਰੰਪ ਨੇ ਪਿਛਲੇ ਇਕ ਵਰ੍ਹੇ ਤੋਂ ਵਪਾਰ ਜੰਗ ਛੇੜੀ ਹੋਈ ਹੈ ਅਤੇ ਕੈਨੇਡਾ ਨੇ ਇਸ ਮਹੀਨੇ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫ ਘਟਾਉਣ ਲਈ ਸਮਝੌਤੇ ਬਾਰੇ ਗੱਲਬਾਤ ਕੀਤੀ ਹੈ।

### ਗਣਤੰਤਰ ਦਿਵਸ ਮੌਕੇ ਛੁੱਟੀ ਦਾ ਐਲਾਨ

77ਵੇਂ ਗਣਤੰਤਰ ਦਿਵਸ ਮੌਕੇ ਰੋਜ਼ਾਨਾ ਚੜ੍ਹਦੀਕਲਾ ਨਵੀਂ ਦਿੱਲੀ ਦੇ ਦਫ਼ਤਰ 'ਚ 26 ਜਨਵਰੀ, ਦਿਨ ਸੋਮਵਾਰ ਨੂੰ ਛੁੱਟੀ ਰਹੇਗੀ। ਇਸ ਲਈ 27 ਜਨਵਰੀ, 2026 ਦਿਨ ਮੰਗਲਵਾਰ ਦਾ ਪਰਚਾ ਪ੍ਰਕਾਸ਼ਤ ਨਹੀਂ ਹੋਵੇਗਾ। ਪਾਠਕ ਤੇ ਏਜੰਟ ਸਾਹਿਬਾਨ ਨੋਟ ਕਰਨ।

-ਮੈਨੇਜਰ

## ਸੰਪਾਦਕੀ

# ਗਣਤੰਤਰ ਦਿਵਸ ਤੇ ਭਾਰਤ ਦੇ ਲੋਕ

ਗਣਤੰਤਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਭਾਰਤ ਇੱਕ ਲੋਕਤੰਤਰੀ ਦੇਸ਼ ਹੈ ਜਿੱਥੇ ਸ਼ਕਤੀ ਜਨਤਾ ਦੇ ਹੱਥਾਂ ਵਿੱਚ ਹੈ। ਇਹ ਸਾਨੂੰ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਅਧਿਕਾਰਾਂ ਅਤੇ ਫ਼ਰਜ਼ਾਂ ਬਾਰੇ ਸੋਚਣ ਦਾ ਮੌਕਾ ਦਿੰਦਾ ਹੈ। ਇਹ ਦਿਨ ਸਾਨੂੰ ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਰਗੇ ਸੰਵਿਧਾਨਕ ਮੁੱਲਾਂ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਦੇਸ਼ ਅਨੇਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਗਣਤੰਤਰ ਦਿਵਸ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਯਾਦ ਕਰਵਾਉਂਦਾ ਹੈ। ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਲੋਕਤੰਤਰੀ ਅਧਿਕਾਰਾਂ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰੀਏ ਅਤੇ ਸਮਾਜ ਦੀ ਭਲਾਈ ਲਈ ਕੰਮ ਕਰੀਏ। ਭ੍ਰਿਸ਼ਟਾਚਾਰ, ਗ਼ਰੀਬੀ, ਅਨਪੜ੍ਹਤਾ ਅਤੇ ਭੇਦਭਾਵ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਾਡਾ ਸਾਂਝਾ ਯਤਨ ਜ਼ਰੂਰੀ ਹੈ। ਹਰ ਨਾਗਰਿਕ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕਾਨੂੰਨ ਦਾ ਪਾਲਣ ਕਰੇ, ਰਾਸ਼ਟਰੀ ਸੰਪੱਤੀ ਦੀ ਰੱਖਿਆ ਕਰੇ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰੇ। ਸਾਨੂੰ ਧਰਮ, ਜਾਤ, ਖੇਤਰ ਅਤੇ ਭਾਸ਼ਾ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਇੱਕ ਮਜ਼ਬੂਤ ਅਤੇ ਏਕੀਕ੍ਰਿਤ ਰਾਸ਼ਟਰ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਅੱਜ ਦਾ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਵਿਗਿਆਨ, ਤਕਨਾਲੋਜੀ, ਸਪੇਸ ਰਿਸਰਚ ਅਤੇ ਹੋਰ ਖੇਤਰਾਂ ਵਿੱਚ ਭਾਰਤ ਨੇ ਬਹੁਤ ਤਰੱਕੀ ਕੀਤੀ ਹੈ। ਪਰ ਇਸ ਤਰੱਕੀ ਦੇ ਨਾਲ-ਨਾਲ ਸਾਨੂੰ ਆਪਣੀਆਂ ਜੜ੍ਹਾਂ ਅਤੇ ਸੰਵਿਧਾਨਕ ਮੁੱਲਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ। ਗਣਤੰਤਰ ਦਿਵਸ ਉਹਨਾਂ ਸਾਰੇ ਸੁਤੰਤਰਤਾ ਸੈਨਾਨੀਆਂ ਅਤੇ ਮਹਾਨ ਨੇਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਦਿਨ ਵੀ ਹੈ, ਜਿਨ੍ਹਾਂ ਨੇ ਆਜ਼ਾਦ ਅਤੇ ਲੋਕਤੰਤਰੀ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ। ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਵੱਲਭਭਾਈ ਪਟੇਲ, ਡਾਕਟਰ ਅੰਬੇਡਕਰ ਅਤੇ ਅਣਗਿਣਤ ਹੋਰ ਦੇਸ਼-ਭਗਤਾਂ ਦੀ ਕੁਰਬਾਨੀ ਕਾਰਨ ਹੀ ਅੱਜ ਅਸੀਂ ਇੱਕ ਆਜ਼ਾਦ ਗਣਤੰਤਰ ਵਿੱਚ ਸਾਹ ਲੈ ਰਹੇ ਹਾਂ। ਹਰ ਸਾਲ 26 ਜਨਵਰੀ ਨੂੰ ਭਾਰਤ ਵਿੱਚ ਗਣਤੰਤਰ ਦਿਵਸ ਬੜੇ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜ ਦੀ ਯਾਦ ਦਿਵਾਉਂਦਾ ਹੈ ਜਦੋਂ 1950 ਵਿੱਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ ਅਤੇ ਭਾਰਤ ਇੱਕ ਪੂਰਨ ਗਣਤੰਤਰ ਬਣ ਗਿਆ ਸੀ। 15 ਅਗਸਤ 1947 ਨੂੰ ਭਾਰਤ ਨੂੰ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਤਾਂ ਮਿਲ ਗਈ ਸੀ, ਪਰ ਦੇਸ਼ ਅਜੇ ਵੀ ਬ੍ਰਿਟਿਸ਼ ਕ੍ਰਾਊਨ ਦੇ ਅਧੀਨ ਇੱਕ ਡੋਮੀਨੀਅਨ ਸੀ। ਡਾਕਟਰ ਭੀਮਰਾਓ ਅੰਬੇਡਕਰ ਦੀ ਅਗਵਾਈ ਹੇਠ ਸੰਵਿਧਾਨ ਸਭਾ ਨੇ ਲਗਭਗ ਤਿੰਨ ਸਾਲਾਂ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ। 26 ਨਵੰਬਰ 1949 ਨੂੰ ਸੰਵਿਧਾਨ ਨੂੰ ਅਪਣਾਇਆ ਗਿਆ ਅਤੇ 26 ਜਨਵਰੀ 1950 ਨੂੰ ਇਸਨੂੰ ਲਾਗੂ ਕੀਤਾ ਗਿਆ। 26 ਜਨਵਰੀ ਦੀ ਤਾਰੀਖ ਦੀ ਚੋਣ ਵੀ ਇਤਿਹਾਸਕ ਮਹੱਤਤਾ ਰੱਖਦੀ ਹੈ। 1930 ਵਿੱਚ ਇਸੇ ਦਿਨ ਭਾਰਤੀ ਰਾਸ਼ਟਰੀ ਕਾਂਗਰਸ ਨੇ ਪੂਰਨ ਸਵਰਾਜ ਦਾ ਐਲਾਨ ਕੀਤਾ ਸੀ। ਇਸ ਯਾਦਗਾਰੀ ਤਾਰੀਖ ਨੂੰ ਸਨਮਾਨਿਤ ਕਰਨ ਲਈ ਸੰਵਿਧਾਨ ਨੂੰ ਵੀ ਇਸੇ ਦਿਨ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ। ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਇਸ ਵਿੱਚ ਮੂਲ ਰੂਪ ਵਿੱਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਸਨ। ਇਹ ਸੰਵਿਧਾਨ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ ਗਣਰਾਜ ਘੋਸ਼ਿਤ ਕਰਦਾ ਹੈ। ਇਸ ਵਿੱਚ ਹਰ ਨਾਗਰਿਕ ਨੂੰ ਬੋਲਣ ਦੀ ਆਜ਼ਾਦੀ, ਧਰਮ ਦੀ ਆਜ਼ਾਦੀ, ਸਮਾਨਤਾ ਦਾ ਅਧਿਕਾਰ ਅਤੇ ਨਿਆਂ ਦਾ ਅਧਿਕਾਰ ਦਿੱਤਾ ਗਿਆ ਹੈ। ਸੰਵਿਧਾਨ ਨੇ ਭਾਰਤ ਨੂੰ ਇੱਕ ਸੰਘੀ ਢਾਂਚਾ ਦਿੱਤਾ, ਜਿਸ ਵਿੱਚ ਕੇਂਦਰ ਅਤੇ ਰਾਜਾਂ ਦੋਵਾਂ ਦੀਆਂ ਸਰਕਾਰਾਂ ਹੁੰਦੀਆਂ ਹਨ। ਇਸਨੇ ਇੱਕ ਸੁਤੰਤਰ ਨਿਆਂਪਾਲਿਕਾ ਦੀ ਸਥਾਪਨਾ ਕੀਤੀ ਅਤੇ ਮੌਲਿਕ ਅਧਿਕਾਰਾਂ ਦੀ ਗਰੰਟੀ ਦਿੱਤੀ। ਗਣਤੰਤਰ ਦਿਵਸ ਦਾ ਮੁੱਖ ਸਮਾਗਮ ਦਿੱਲੀ ਵਿੱਚ ਰਾਜਪਥ 'ਤੇ ਹੁੰਦਾ ਹੈ। ਰਾਸ਼ਟਰਪਤੀ ਰਾਸ਼ਟਰੀ ਝੰਡਾ ਫਹਿਰਾਉਂਦੇ ਹਨ ਅਤੇ ਰਾਸ਼ਟਰਗਾਨ ਗਾਇਆ ਜਾਂਦਾ ਹੈ। ਇਸ ਤੋਂ ਬਾਅਦ ਇੱਕ ਸ਼ਾਨਦਾਰ ਪਰੇਡ ਹੁੰਦੀ ਹੈ, ਜਿਸ ਵਿੱਚ ਤਿੰਨੋਂ ਸੈਨਾਵਾਂ-ਥਲ ਸੈਨਾ, ਜਲ ਸੈਨਾ ਅਤੇ ਵਾਯੂ ਸੈਨਾ-ਆਪਣੀ ਤਾਕਤ ਅਤੇ ਸਮਰੱਥਾ ਦਾ ਪ੍ਰਦਰਸ਼ਨ ਕਰਦੀਆਂ ਹਨ। ਪਰੇਡ ਵਿੱਚ ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਨੂੰ ਦਰਸਾਉਂਦੀਆਂ ਝਾਕੀਆਂ ਵੀ ਸ਼ਾਮਲ ਹੁੰਦੀਆਂ ਹਨ। ਹਰ ਰਾਜ ਆਪਣੀ ਖਾਸ ਸੱਭਿਆਚਾਰ, ਪਰੰਪਰਾ ਅਤੇ ਵਿਕਾਸ ਯੋਜਨਾਵਾਂ ਨੂੰ ਝਾਕੀਆਂ ਰਾਹੀਂ ਪੇਸ਼ ਕਰਦਾ ਹੈ। ਸਕੂਲੀ ਬੱਚੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹਨ ਜੋ ਭਾਰਤ ਦੀ ਏਕਤਾ ਅਤੇ ਵਿਭਿੰਨਤਾ ਨੂੰ ਦਰਸਾਉਂਦੇ ਹਨ। ਪਰੇਡ ਦੇ ਅੰਤ ਵਿੱਚ ਵਾਯੂ ਸੈਨਾ ਦੇ ਜਹਾਜ਼ ਤਿਰੰਗੇ ਦੇ ਰੰਗਾਂ ਵਿੱਚ ਧੂੰਆਂ ਛੱਡਦੇ ਹੋਏ ਅਸਮਾਨ ਵਿੱਚ ਉੱਡਦੇ ਹਨ। ਇਹ ਦ੍ਰਿਸ਼ ਹਰ ਭਾਰਤੀ ਦੇ ਦਿਲ ਵਿੱਚ ਦੇਸ਼-ਭਗਤੀ ਦੀ ਭਾਵਨਾ ਜਗਾਉਂਦਾ ਹੈ। ਗਣਤੰਤਰ ਦਿਵਸ ਸਿਰਫ਼ ਦਿੱਲੀ ਤੱਕ ਹੀ ਸੀਮਿਤ ਨਹੀਂ ਹੈ। ਦੇਸ਼ ਭਰ ਵਿੱਚ ਸਕੂਲਾਂ, ਕਾਲਜਾਂ, ਸਰਕਾਰੀ ਦਫ਼ਤਰਾਂ ਅਤੇ ਸਭ ਥਾਵਾਂ 'ਤੇ ਝੰਡਾ ਫਹਿਰਾਇਆ ਜਾਂਦਾ ਹੈ। ਸਕੂਲਾਂ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ, ਜਿੱਥੇ ਬੱਚੇ ਦੇਸ਼-ਭਗਤੀ ਦੇ ਗੀਤ ਗਾਉਂਦੇ ਹਨ, ਨਾਟਕ ਪੇਸ਼ ਕਰਦੇ ਹਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ। ਇਸ ਦਿਨ ਹਰ ਭਾਰਤੀ ਦੇ ਦਿਲ ਵਿੱਚ ਆਪਣੇ ਦੇਸ਼ ਪ੍ਰਤੀ ਮਾਣ ਅਤੇ ਸਨਮਾਨ ਦੀ ਭਾਵਨਾ ਹੁੰਦੀ ਹੈ। ਲੋਕ ਆਪਣੇ ਘਰਾਂ, ਗੱਡੀਆਂ ਅਤੇ ਦੁਕਾਨਾਂ ਨੂੰ ਤਿਰੰਗੇ ਨਾਲ ਸਜਾਉਂਦੇ ਹਨ। ਟੈਲੀਵਿਜ਼ਨ 'ਤੇ ਦਿੱਲੀ ਦੀ ਪਰੇਡ ਦਾ ਸਿੱਧਾ ਪ੍ਰਸਾਰਣ ਦੇਖਿਆ ਜਾਂਦਾ ਹੈ।

**-ਜਗਜੀਤ ਸਿੰਘ ਦਰਦੀ**

## ਅੱਜ ਭਾਰਤੀ ਗਣਤੰਤਰ ਦੀ 76 ਵੀਂ ਵਰ੍ਹੇਗੰਢ

# ਭਾਰਤ ਦੇ ਆਮ ਆਦਮੀ ਲਈ ਉਮੀਦਾਂ ਦਾ ਇਕ ਦਿਨ

## ਵਿਕਸਿਤ ਭਾਰਤ 2047 ਵੱਲ ਕਦਮ ਪਰ ਆਮ ਆਦਮੀ ਦੀਆਂ ਮੁਸੀਬਤਾਂ ਦਾ ਹੱਲ ਬੇਹੱਦ ਜ਼ਰੂਰੀ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਰਿਪਬਲਿਕ ਡੇ ਦੀ ਸਭ ਨੂੰ ਵਧਾਈ। ਵਿਕਾਸ ਦੀਆਂ ਉਚਾਈਆਂ, ਅਜੇ ਵੀ ਬਾਕੀ ਹਨ । ਅੱਜ ਵੀ ਚੁਣੌਤੀਆਂ ਅਤੇ ਆਮ ਆਦਮੀ ਦੀ ਅਟੱਲ ਆਸ 26 ਜਨਵਰੀ 1950 ਨੂੰ ਭਾਰਤ ਦੇ ਸੰਵਿਧਾਨ ਨੇ ਅਮਲ ਵਿੱਚ ਆ ਕੇ ਭਾਰਤ ਨੂੰ ਇੱਕ ਸੰਪੂਰਨ ਸੰਪ੍ਰਭੂ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਸੀ।

ਇਹ ਨਾ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਸੀ, ਸਗੋਂ ਇੱਕ ਵਿਜ਼ਨ ਸੀ, ਜਿੱਥੇ ਹਰ ਨਾਗਰਿਕ, ਭਾਵੇਂ ਅਮੀਰ ਹੋਵੇ ਜਾਂ ਗਰੀਬ, ਸ਼ਹਿਰੀ ਹੋਵੇ ਜਾਂ ਪੇਂਡੂ, ਜਾਤ-ਪਾਤ ਤੋਂ ਉੱਪਰ ਉੱਠ ਕੇ ਬਰਾਬਰੀ, ਸੁਤੰਤਰਤਾ, ਨਿਆਂ ਅਤੇ ਮੌਲਿਕ ਅਧਿਕਾਰਾਂ ਨਾਲ ਜੀਅ ਸਕੇ।

ਅੱਜ, ਜਦੋਂ ਅਸੀਂ ਜਨਵਰੀ 2026 ਵਿੱਚ ਖੜ੍ਹੇ ਹਾਂ ਅਤੇ 77ਵਾਂ ਗਣਤੰਤਰ ਦਿਵਸ ਮਨਾਉਣ ਜਾ ਰਹੇ ਹਾਂ, ਤਾਂ ਪਿਛਲੇ 75 ਸਾਲਾਂ ਦੀ ਯਾਤਰਾ ਨੂੰ ਵੇਖ ਕੇ ਮਨ ਵਿੱਚ ਮਿਸ਼ਰਤ ਭਾਵਨਾਵਾਂ ਉੱਠਦੀਆਂ ਹਨ। ਇੱਕ ਪਾਸੇ ਅਸੀਂ ਵਿਸ਼ਵ ਦੀ ਸਭ ਤੋਂ ਵੱਡੀ ਲੋਕਤੰਤਰੀ ਕੌਮ ਬਣ ਚੁੱਕੇ ਹਾਂ, ਅਰਥ ਵਿਵਸਥਾ ਵਿੱਚ ਤੇਜ਼ੀ ਨਾਲ ਅੱਗੇ ਵਧੇ ਹਾਂ, ਗਰੀਬੀ ਘਟਾਈ ਹੈ, ਸਿੱਖਿਆ ਅਤੇ ਸਿਹਤ ਵਿੱਚ ਤਰੱਕੀ ਕੀਤੀ ਹੈ। ਦੂਜੇ ਪਾਸੇ, ਆਮ ਆਦਮੀ- ਜੋ ਕਿਸਾਨ, ਮਜ਼ਦੂਰ, ਛੋਟੇ ਵਪਾਰੀ, ਅਨੁਸੂਚਿਤ ਜਾਤੀ/ਜਨਜਾਤੀ ਦੇ ਵਿਅਕਤੀ ਹੈ, ਅਜੇ ਵੀ ਰੋਜ਼ਗਾਰ, ਗੁਣਵੱਤਾ ਵਾਲੀ ਸਿੱਖਿਆ, ਸਿਹਤ ਸੇਵਾਵਾਂ ਅਤੇ ਸਮਾਜਿਕ ਨਿਆਂ ਤੱਕ ਪੂਰੀ ਪਹੁੰਚ ਨਹੀਂ ਰੱਖਦਾ।

ਅੱਜ ਇਹਨਾਂ ਸਾਰੇ ਪਹਿਲੂਆਂ ਨੂੰ ਵਿਸਥਾਰ ਨਾਲ ਛੂੰਹਦਿਆਂ ਅਤੇ ਅੰਕੜਿਆਂ ਤੇ ਤੱਥਾਂ ਨਾਲ ਚਰਚਾ ਕਰਦਿਆਂ ਜੋ ਅਸੀਂ ਸਮਝ ਸਕੀਏ ਕਿ ਅਸੀਂ ਕਿੱਥੇ ਪਹੁੰਚੇ ਹਾਂ ਅਤੇ ਅਜੇ ਕਿੱਥੇ ਜਾਣਾ ਬਾਕੀ ਹੈ। ਅੱਜ ਲੋਕਤੰਤਰ ਦੀਆਂ ਉਚਾਈਆਂ ਛੋਹ ਗਿਆ ਹੈ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਚੋਣ ਪ੍ਰਕਿਰਿਆ ਭਾਰਤ ਦਾ ਲੋਕਤੰਤਰ ਵਿਸ਼ਵ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਜਟਿਲ ਹੈ।

1951-52 ਵਿੱਚ ਪਹਿਲੀਆਂ ਆਮ ਚੋਣਾਂ ਵਿੱਚ ਲਗਭਗ 17 ਕਰੋੜ ਮਤਦਾਤਾ ਸਨ, ਜਦਕਿ 2024 ਦੀਆਂ ਚੋਣਾਂ ਵਿੱਚ 96 ਕਰੋੜ ਤੋਂ ਵੱਧ ਮਤਦਾਤਾ ਸਨ।




ਇਹ ਵਧੇਰੇ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਦਾ ਪ੍ਰਤੀਕ ਹੈ। ਔਰਤਾਂ ਦੀ ਵੋਟਿੰਗ ਵਿੱਚ ਵੀ ਵੱਡਾ ਵਾਧਾ ਹੋਇਆ ਹੈ - 1950ਵਿਆਂ ਵਿੱਚ ਔਰਤਾਂ ਦੀ ਵੋਟਿੰਗ ਦਰ ਘੱਟ ਸੀ, ਪਰ ਅੱਜ ਉਹ ਪੁਰਸ਼ਾਂ ਨਾਲੋਂ ਵੀ ਵੱਧ ਹੁੰਦੀ ਹੈ ਕਈ ਰਾਜਾਂ ਵਿੱਚ । ਇਹ ਲੋਕਤੰਤਰ ਨੂੰ ਸੱਚਮੁੱਚ ਸ਼ਾਮਲ ਕਰਨ ਵਾਲਾ ਬਣਾਉਂਦਾ ਹੈ ਪਰ ਚੁਣੌਤੀਆਂ ਵੀ ਹਨ।

ਅੱਜ ਪ੍ਰੈੱਸ ਦੀ ਆਜ਼ਾਦੀ 'ਤੇ ਸਵਾਲ ਉੱਠਦੇ ਰਹਿੰਦੇ ਹਨ। Reporters Without Borders ਦੇ 2025 ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ ਵਿੱਚ ਭਾਰਤ ਦਾ ਸਥਾਨ ਅਜੇ ਵੀ ਘੱਟ ਹੈ (ਲਗਭਗ 150 ਆਲੇ-ਦੁਆਲੇ), ਜੋ ਪੱਤਰਕਾਰਾਂ 'ਤੇ ਦਬਾਅ ਅਤੇ ਫੇਕ ਨਿਊਜ਼ ਦੀ ਸਮੱਸਿਆ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਵੋਟਰ ਲਿਸਟ ਵਿੱਚ ਨਾਂ ਸ਼ਾਮਲ ਕਰਨਾ, EVM 'ਤੇ ਵਿਵਾਦ ਅਤੇ ਧਨ-ਬਲ ਦੀ ਵਰਤੋਂ ਵਰਗੇ ਮੁੱਦੇ ਅਜੇ ਵੀ ਚਰਚਾ ਵਿੱਚ ਹਨ। ਫਿਰ ਵੀ, ਭਾਰਤ ਨੇ ਲਗਾਤਾਰ ਚੋਣਾਂ ਕਰਵਾ ਕੇ ਲੋਕਤੰਤਰ ਨੂੰ ਜਿਉਂਦਾ ਰੱਖਿਆ ਹੈ - ਇਹ ਆਪਣੇ ਆਪ ਵਿੱਚ ਇੱਕ ਵੱਡੀ ਉਪਲਬਧੀ ਹੈ। ਆਰਥਿਕ ਵਿਕਾਸ: 1950 ਤੋਂ 2026 ਤੱਕ ਦੀ ਯਾਤਰਾ 1950 ਵਿੱਚ ਭਾਰਤ ਦੀ ਅਰਥ ਵਿਵਸਥਾ ਬਹੁਤ ਕਮਜ਼ੋਰ ਸੀ।

ਭਾਰਤ ਦੀ ਵੰਡ ਤੋਂ ਬਾਅਦ ਗਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਨੇ ਦੇਸ਼ ਨੂੰ ਝੰਜੋੜਿਆ ਸੀ। GDP ਪ੍ਰਤੀ ਵਿਅਕਤੀ ਲਗਭਗ 619 ਅਮਰੀਕੀ ਡਾਲਰ (constant prices ਵਿੱਚ) ਸੀ, ਜੋ ਅੱਜ 2024-25 ਵਿੱਚ ਲਗਭਗ 2,500-2,700 ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ (World Bank ਅਤੇ IMF ਡੇਟਾ ਅਨੁਸਾਰ)। ਇਹ ਲਗਭਗ 4-5 ਗੁਣਾ ਵਾਧਾ ਹੈ, ਪਰ ਅਸਲ ਵਿੱਚ purchasing power parity (PPP) ਵਿੱਚ ਵਧੇਰੇ ਹੈ। 1991 ਦੇ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਨਵੀਂ ਰਫ਼ਤਾਰ ਦਿੱਤੀ। ਉਦਾਰੀਕਰਨ, ਨਿੱਜੀਕਰਨ ਅਤੇ ਵਿਦੇਸ਼ੀ ਨਿਵੇਸ਼ ਨੇ ਉਦਯੋਗ ਅਤੇ ਸੇਵਾ ਖੇਤਰ ਨੂੰ ਵਧਾਇਆ ।

ਅੱਜ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ ਅਤੇ IMF ਅਨੁਸਾਰ 2025-26 ਵਿੱਚ 7.3% ਤੋਂ 7.4% ਵਿਕਾਸ ਦੀ ਉਮੀਦ ਹੈ। QB FY 2025-26 ਵਿੱਚ 8.2% ਵਿਕਾਸ ਹੋਇਆ, ਜੋ ਦੇਸ਼ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਪਰ ਇਹ ਵਿਕਾਸ ਸਾਰਿਆਂ ਤੱਕ ਨਹੀਂ ਪਹੁੰਚ ਰਿਹਾ । ਅਸਮਾਨਤਾ ਵਧੀ ਹੈ - ਟੌਪ 1% ਅਮੀਰਾਂ ਕੋਲ ਦੇਸ਼ ਦੀ ਕਾਫੀ ਜਾਇਦਾਦ ਹੈ। Gini coefficient ਅਜੇ ਵੀ ਉੱਚਾ ਹੈ। ਇਸ ਲਈ 'ਸਭ ਕਾ ਸਾਥ, ਸਭ ਕਾ ਵਿਕਾਸ' ਵਰਗੇ ਨਾਅਰੇ ਅਹਿਮ ਹਨ। ਗਰੀਬੀ ਘਟਾਉਣ ਵਿੱਚ ਸਫਲਤਾ ਅਤੇ ਬਾਕੀ ਰਹਿੰਦੀ ਚੁਣੌਤੀ ਪਿਛਲੇ 75 ਸਾਲਾਂ ਵਿੱਚ ਗਰੀਬੀ ਵਿੱਚ ਵੱਡੀ ਕਮੀ ਆਈ ਹੈ।

1950ਵਿਆਂ ਵਿੱਚ ਲਗਭਗ 60-70% ਆਬਾਦੀ ਗਰੀਬੀ ਰੇਖਾ ਹੇਠਾਂ ਸੀ। World Bank ਅਨੁਸਾਰ, ਅੱਜ extreme poverty 2-3% ਤੱਕ ਘੱਟ ਗਈ ਹੈ (2022-23 ਡੇਟਾ)। Multidimensional Poverty Index 2025 ਅਨੁਸਾਰ, ਭਾਰਤ ਨੇ 2005-06 ਤੋਂ 2019-21 ਤੱਕ 415 ਮਿਲੀਅਨ ਤੋਂ ਵੱਧ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਹੈ। NITI Aayog ਦੇ ਅਨੁਸਾਰ, 2015-16 ਤੋਂ 2019-21 ਤੱਕ 13.5 ਕਰੋੜ ਲੋਕ ਮਲਟੀਡਾਇਮੈਂਸ਼ਨਲ ਗਰੀਬੀ ਤੋਂ ਬਾਹਰ ਆਏ। ਯੋਜਨਾਵਾਂ ਜਿਵੇਂ MNREGA, PM Garib Kalyan Anna Yojana, Ujjwala, PM Awas, Jal Jeevan Mission ਅਤੇ Ayushman Bharat ਨੇ ਇਸ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਅੱਜ ਕਰੋੜਾਂ ਘਰਾਂ ਵਿੱਚ ਬਿਜਲੀ, ਪਾਣੀ, ਟਾਇਲੇਟ, ਗੈਸ ਅਤੇ ਰੋਜ਼ਾਨਾ ਰਾਸ਼ਨ ਪਹੁੰਚ ਰਿਹਾ ਹੈ। ਪਰ ਅਜੇ ਵੀ ਗਰੀਬੀ ਦੀ ਗੰਭੀਰਤਾ ਬਾਕੀ ਹੈ - ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਅਤੇ ਅਨੁਸੂਚਿਤ ਜਾਤੀ/ਜਨਜਾਤੀ ਵਿੱਚ। ਸਿੱਖਿਆ ਅਤੇ ਸਿਹਤ: ਤਰੱਕੀ ਅਤੇ ਅੰਤਰਸਾਖਰਤਾ ਦਰ 1951 ਵਿੱਚ 18% ਸੀ, 2011 ਵਿੱਚ 73%, ਅਤੇ 2025 ਵਿੱਚ ਅੰਦਾਜ਼ਨ 77-80% ਤੱਕ ਪਹੁੰਚ ਗਈ ਹੈ (ਵੱਖ-ਵੱਖ ਸਰਵੇ ਅਨੁਸਾਰ)। NEP 2020 ਨੇ ਸਿੱਖਿਆ ਨੂੰ ਨਵਾਂ ਰੂਪ ਦਿੱਤਾ ਹੈ। ਔਰਤਾਂ ਦੀ ਸਾਖਰਤਾ ਵਿੱਚ ਵੱਡਾ ਵਾਧਾ ਹੋਇਆ ਹੈ। ਸਿਹਤ ਵਿੱਚ IMR (Infant Mortality Rate) 1950 ਵਿੱਚ 146/1000 ਸੀ, ਅੱਜ 25-30/1000 ਤੱਕ ਘੱਟ ਗਿਆ ਹੈ। Ayushman Bharat ਨੇ 50 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਇਲਾਜ ਦਿੱਤਾ ਹੈ। ਪਰ ਗੁਣਵੱਤਾ ਵਾਲੀ ਸਿੱਖਿਆ ਅਤੇ ਸਿਹਤ ਸੇਵਾਵਾਂ ਅਜੇ ਵੀ ਅਸਮਾਨ ਹਨ - ਪ੍ਰਾਈਵੇਟ ਸੈਕਟਰ ਮਹਿੰਗਾ ਹੈ ਅਤੇ ਸਰਕਾਰੀ ਸਿਸਟਮ ਵਿੱਚ ਕਮੀਆਂ ਹਨ।

ਅੱਜ ਰੋਜ਼ਗਾਰ ਅਤੇ ਬੇਰੁਜ਼ਗਾਰੀ ਵਿਚ ਸਭ ਤੋਂ ਵੱਡੀ ਚੁਣੌਤੀ ਭਾਰਤ ਵਿੱਚ ਨੌਜਵਾਨ ਆਬਾਦੀ ਵੱਧ ਹੈ (65% 35 ਸਾਲ ਤੋਂ ਘੱਟ), ਪਰ ਰੋਜ਼ਗਾਰ ਦੀ ਘਾਟ ਹੈ। PLFS ਅਤੇ CMIE ਅਨੁਸਾਰ, 2025 ਵਿੱਚ unemployment rate 4.7-6.8% ਵਿਚਕਾਰ ਰਹੀ ਹੈ, ਪਰ ਯੂਥ unemployment (15-29 ਸਾਲ) 10-15% ਤੱਕ ਹੈ। ਨੌਕਰੀਆਂ ਦੀ ਕੁਆਲਿਟੀ ਵੀ ਮੁੱਦਾ ਹੈ - ਬਹੁਤ ਸਾਰੀਆਂ ਅਸੁਰੱਖਿਅਤ ਅਤੇ ਘੱਟ ਤਨਖਾਹ ਵਾਲੀਆਂ ਹਨ। Make in India, Startup India ਅਤੇ Skill India ਵਰਗੀਆਂ ਯੋਜਨਾਵਾਂ ਨੇ ਨੌਕਰੀਆਂ ਪੈਦਾ ਕੀਤੀਆਂ ਹਨ, ਪਰ ਅਜੇ ਵੀ ਡਿਗਰੀਧਾਰੀ ਅਤੇ ਸਕਿੱਲ ਵਿਚਕਾਰ ਅੰਤਰ ਹੈ।

ਅੱਜ ਆਮ ਆਦਮੀ ਲਈ ਰਿਪਬਲਿਕ ਡੇ ਇਕ ਆਸ ਅਤੇ ਉਮੰਗ ਹਨ ਅਤੇ ਆਮ ਆਦਮੀ ਲਈ ਇਹ ਦਿਨ ਸਿਰਫ਼ ਪਰੇਡ ਅਤੇ ਝੰਡੇ ਨਹੀਂ, ਸਗੋਂ ਇੱਕ ਯਾਦ ਦਿਵਾਉਣ ਵਾਲਾ ਹੈ ਕਿ ਸੰਵਿਧਾਨ ਨੇ ਉਸ ਨੂੰ ਅਧਿਕਾਰ ਦਿੱਤੇ ਹਨ। ਉਹ ਜੋ ਹਾਸ਼ੀਏ 'ਤੇ ਹੈ, ਉਸ ਲਈ ਇਹ ਆਸ ਹੈ ਕਿ ਭਵਿੱਖ ਵਿੱਚ ਰੋਜ਼ੀ-ਰੋਟੀ, ਸਨਮਾਨ ਅਤੇ ਨਿਆਂ ਮਿਲੇਗਾ। ਪਿਛਲੇ 75 ਸਾਲਾਂ ਵਿੱਚ ਜੋ ਬਦਲਾਅ ਆਏ ਹਨ, ਉਹ ਅਸੰਭਵ ਲੱਗਦੇ ਸਨ ਅਤੇ ਅਜੇ ਵੀ ਬਹੁਤ ਕੁਝ ਬਾਕੀ ਹੈ। ਅਸੀਂ ਡਿਜੀਟਲ ਇੰਡੀਆ, ਆਤਮਨਿਰਭਰ ਭਾਰਤ ਅਤੇ Viksit Bharat 02047 ਵੱਲ ਵਧ ਰਹੇ ਹਾਂ।

ਜੇ ਅਸੀਂ ਸਮਾਜਿਕ ਨਿਆਂ, ਅਸਮਾਨਤਾ ਘਟਾਉਣ ਅਤੇ ਸਾਰਿਆਂ ਤੱਕ ਵਿਕਾਸ ਪਹੁੰਚਾਉਣ 'ਤੇ ਧਿਆਨ ਦੇਈਏ, ਤਾਂ ਭਵਿੱਖ ਬਹੁਤ ਚਮਕਦਾਰ ਹੋ ਸਕਦਾ ਹੈ। ਰਿਪਬਲਿਕ ਡੇ ਆਮ ਆਦਮੀ ਨੂੰ ਯਾਦ ਕਰਾਉਂਦਾ ਹੈ। ਅਸੀਂ ਲੋਕ ਹੀ ਸੰਵਿਧਾਨ ਹਾਂ, ਅਤੇ ਅਸੀਂ ਹੀ ਇਸ ਨੂੰ ਸੱਚ ਕਰ ਸਕਦੇ ਹਾਂ।

**ਜੈ ਹਿੰਦ! ਜੈ ਭਾਰਤ!**

## 26 ਜਨਵਰੀ ਭਾਰਤ ਦਾ ਗਣਤੰਤਰ ਦਿਵਸ

# ਸੰਵਿਧਾਨ, ਲੋਕਤੰਤਰ ਅਤੇ ਰਾਸ਼ਟਰੀ ਗੌਰਵ ਦਾ ਪ੍ਰਤੀਕ



ਵਿੰਕਲਜੀਤ ਸਿੰਘ ਸਰਾ
9501477889

**ਇੱਕ ਮਹਾਨ ਰਾਸ਼ਟਰ ਦਾ ਸੰਵਿਧਾਨਕ ਸਫ਼ਰ** : ਭਾਰਤ, ਜੋ ਕਿ ਵਿਸ਼ਵ ਦੀ ਸਭ ਤੋਂ ਪ੍ਰਾਚੀਨ ਸਭਿਅਤਾਵਾਂ ਵਿੱਚੋਂ ਇੱਕ ਹੈ 26 ਜਨਵਰੀ ਨੂੰ ਆਪਣੇ 'ਗਣਤੰਤਰ ਦਿਵਸ' ਵਜੋਂ ਮਨਾਉਂਦਾ ਹੈ। ਇਹ ਦਿਨ ਮਹਿਜ਼ ਇੱਕ ਸਰਕਾਰੀ ਸਮਾਗਮ ਨਹੀਂ ਸਗੋਂ ਹਰ ਭਾਰਤੀ ਦੇ ਸਵੈ-ਮਾਨ, ਆਜ਼ਾਦੀ ਅਤੇ ਸੰਵਿਧਾਨਕ ਹੱਕਾਂ ਦਾ ਜਸ਼ਨ ਹੈ। 15 ਅਗਸਤ 1947 ਨੂੰ ਦੇਸ਼ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਤਾਂ ਹੋ ਗਿਆ ਸੀ ਪਰ ਇੱਕ ਪੂਰਨ ਪ੍ਰਭੂਸੱਤਾ ਸੰਪੰਨ ਲੋਕਤੰਤਰੀ ਗਣਰਾਜ ਬਣਨ ਦਾ ਸੁਪਨਾ 26 ਜਨਵਰੀ 1950 ਨੂੰ ਪੂਰਾ ਹੋਇਆ। ਇਸ ਦਿਨ ਭਾਰਤ ਨੇ ਆਪਣਾ ਲਿਖਤੀ ਸੰਵਿਧਾਨ ਅਪਣਾਇਆ ਅਤੇ ਡਾ. ਰਾਜਿੰਦਰ ਪ੍ਰਸਾਦ ਦੇ ਰੂਪ ਵਿੱਚ ਦੇਸ਼ ਨੂੰ ਪਹਿਲਾ ਰਾਸ਼ਟਰਪਤੀ ਮਿਲਿਆ।

**ਇਤਿਹਾਸਕ ਪਿਛੋਕੜ, ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤੀ ਤੱਕ** : ਭਾਰਤ ਲਗਭਗ ਦੋ ਸਦੀਆਂ ਤੱਕ ਬ੍ਰਿਟਿਸ਼ ਸਾਮਰਾਜ ਦੇ ਅਧੀਨ ਰਿਹਾ। 1857 ਦੀ ਬਗਾਵਤ ਤੋਂ ਬਾਅਦ ਆਜ਼ਾਦੀ ਦੀ ਜੋ ਲਾਟ ਬਾਲੀ ਗਈ ਸੀ, ਉਹ 1947 ਤੱਕ ਲਗਾਤਾਰ ਮਘਦੀ ਰਹੀ।

**ਪੂਰਨ ਸਵਰਾਜ ਦੀ ਗੂੰਜ (1930)**: 26 ਜਨਵਰੀ ਦੀ ਇਤਿਹਾਸਕ ਮਹੱਤਤਾ 1930 ਤੋਂ ਸ਼ੁਰੂ ਹੁੰਦੀ ਹੈ। ਲਾਹੌਰ ਵਿੱਚ ਰਾਵੀ ਦਰਿਆ ਦੇ ਕੰਢੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਨੇ 'ਪੂਰਨ ਸਵਰਾਜ' (ਮੁਕੰਮਲ ਆਜ਼ਾਦੀ) ਦਾ ਮਤਾ ਪਾਸ ਕੀਤਾ ਸੀ। ਉਸ ਦਿਨ ਪਹਿਲੀ ਵਾਰ ਤਿਰੰਗਾ ਲਹਿਰਾਇਆ ਗਿਆ ਅਤੇ ਸਹੁੰ ਖਾਧੀ ਗਈ ਕਿ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ ਹਰ ਸਾਲ 26 ਜਨਵਰੀ ਨੂੰ 'ਆਜ਼ਾਦੀ ਦਿਵਸ' ਵਜੋਂ ਮਨਾਇਆ ਜਾਵੇਗਾ। ਆਜ਼ਾਦੀ ਤੋਂ ਬਾਅਦ ਇਸੇ ਇਤਿਹਾਸਕ ਤਾਰੀਖ਼ ਨੂੰ ਅਮਰ ਕਰਨ ਲਈ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕੀਤਾ ਗਿਆ।

**ਭਾਰਤ ਦੇ ਅਣਮੋਲ ਹੀਰੇ, ਆਜ਼ਾਦੀ ਘੁਲਾਟੀਏ (Freedom Fighters)** : ਇਸ ਦਿਨ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਅਤੇ ਆਗੂਆਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਖ਼ੂਨ ਨਾਲ ਦੇਸ਼ ਦੀ ਆਜ਼ਾਦੀ ਦੀ ਇਬਾਰਤ ਲਿਖੀ।

**ਗਣਤੰਤਰ ਦੀ ਨੀਂਹ ਇਨ੍ਹਾਂ ਦੀਆਂ ਕੁਰਬਾਨੀਆਂ 'ਤੇ ਟਿਕੀ ਹੋਈ ਹੈ:** ਸ਼ਹੀਦ-ਏ-ਆਜ਼ਮ ਭਗਤ ਸਿੰਘ: ਨੌਜਵਾਨਾਂ ਦੇ ਪ੍ਰੇਰਨਾ ਸਰੋਤ, ਜਿਨ੍ਹਾਂ ਨੇ ਹੱਸਦੇ-ਹੱਸਦੇ ਫਾਂਸੀ ਦਾ ਰੱਸਾ ਚੁੰਮਿਆ। ਮਹਾਤਮਾ ਗਾਂਧੀ: ਅਹਿੰਸਾ ਅਤੇ ਸੱਤਿਆਗ੍ਰਹਿ ਦੇ ਪੁੰਜ, ਜਿਨ੍ਹਾਂ ਨੇ ਜਨ-ਅੰਦੋਲਨ ਖੜ੍ਹਾ ਕੀਤਾ। ਨੇਤਾਜੀ ਸੁਭਾਸ਼ ਚੰਦਰ ਬੋਸ: 'ਆਜ਼ਾਦ ਹਿੰਦ ਫੌਜ' ਰਾਹੀਂ ਅੰਗਰੇਜ਼ਾਂ ਦੀਆਂ ਨੀਂਹਾਂ ਹਿਲਾਉਣ ਵਾਲੇ ਸੂਰਬੀਰ। ਸਰਦਾਰ ਵੱਲਭਭਾਈ ਪਟੇਲ: 'ਲੋਹ ਪੁਰਸ਼' ਜਿਨ੍ਹਾਂ ਨੇ ਖਿੰਡੇ ਹੋਏ ਭਾਰਤ ਨੂੰ ਇੱਕ ਸੂਤਰ ਵਿੱਚ ਪਰੋਇਆ। ਡਾ. ਬੀ.ਆਰ. ਅੰਬੇਡਕਰ: ਸੰਵਿਧਾਨ ਦੇ ਨਿਰਮਾਤਾ, ਜਿਨ੍ਹਾਂ ਨੇ ਸਮਾਜ ਦੇ ਪਛੜੇ ਵਰਗਾਂ ਨੂੰ ਹੱਕ ਦਿਵਾਏ। ਲਾਲਾ ਲਾਜਪਤ ਰਾਏ: 'ਸ਼ੇਰ-ਏ-ਪੰਜਾਬ', ਜਿਨ੍ਹਾਂ ਨੇ ਸਾਈਮਨ ਕਮਿਸ਼ਨ ਵਿਰੁੱਧ ਲੜਦਿਆਂ ਸ਼ਹਾਦਤ ਦਿੱਤੀ। ਚੰਦਰ ਸ਼ੇਖਰ ਆਜ਼ਾਦ: ਜਿਨ੍ਹਾਂ ਨੇ ਆਖਰੀ ਸਾਹ ਤੱਕ ਗੁਲਾਮ ਨਾ ਹੋਣ ਦਾ ਅਹਿਦ ਨਿਭਾਇਆ। ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ: ਪੰਜਾਬ ਦੀ ਧਰਤੀ ਦੇ ਉਹ ਯੋਧੇ ਜਿਨ੍ਹਾਂ ਦੀ ਕੁਰਬਾਨੀ ਅੱਜ ਵੀ ਰੂਹਾਂ ਨੂੰ ਜਗਾਉਂਦੀ ਹੈ। ਰਾਣੀ ਲਕਸ਼ਮੀ ਬਾਈ, ਅਸ਼ਫਾਕੁੱਲਾ ਖਾਨ, ਸੁਖਦੇਵ, ਰਾਜਗੁਰੂ, ਬਾਲ ਗੰਗਾਧਰ ਤਿਲਕ, ਬਿਪਿਨ ਚੰਦਰ ਪਾਲ, ਚਿਤਰੰਜਨ ਦਾਸ, ਖੁਦੀਰਾਮ ਬੋਸ, ਬੀਕਾਜੀ ਕਾਮਾ, ਸਰੋਜਨੀ ਨਾਇਡੂ, ਮਦਨ ਲਾਲ ਢੀਂਗਰਾ, ਡਾ. ਸੈਫੂਦੀਨ ਕਿਚਲੂ, ਬਾਬਾ ਸੋਹਣ ਸਿੰਘ ਭਕਨਾ ਅਤੇ ਗਣੇਸ਼ ਸ਼ੰਕਰ ਵਿਦਿਆਰਥੀ।

**ਸੰਵਿਧਾਨ, ਰਾਸ਼ਟਰ ਦੀ ਆਤਮਾ** : ਭਾਰਤੀ ਸੰਵਿਧਾਨ ਵਿਸ਼ਵ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਇਸ ਨੂੰ ਤਿਆਰ ਕਰਨ ਲਈ ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਦਾ ਸਮਾਂ ਲਿਆ।

**ਡਾ. ਅੰਬੇਡਕਰ ਦੀ ਭੂਮਿਕਾ:** ਸੰਵਿਧਾਨਕ ਮਸੌਦਾ ਕਮੇਟੀ ਦੇ ਚੇਅਰਮੈਨ ਵਜੋਂ ਉਨ੍ਹਾਂ ਨੇ ਯਕੀਨੀ ਬਣਾਇਆ ਕਿ ਭਾਰਤ ਇੱਕ ਅਜਿਹਾ ਦੇਸ਼ ਬਣੇ ਜਿੱਥੇ ਜਾਤ, ਧਰਮ ਜਾਂ ਲਿੰਗ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਹੋਵੇ।

**ਮੁੱਖ ਵਿਸ਼ੇਸ਼ਤਾਵਾਂ**: ਸਾਡਾ ਸੰਵਿਧਾਨ ਸਾਨੂੰ 'ਮੌਲਿਕ ਅਧਿਕਾਰ' ਦਿੰਦਾ ਹੈ ਪਰ ਨਾਲ ਹੀ 'ਮੌਲਿਕ ਫਰਜ਼ਾਂ' ਦੀ ਯਾਦ ਵੀ ਦਿਵਾਉਂਦਾ ਹੈ। ਇਹ ਭਾਰਤ ਨੂੰ ਇੱਕ ਧਰਮ-ਨਿਰਪੱਖ ਅਤੇ ਸਮਾਜਵਾਦੀ ਗਣਰਾਜ ਘੋਸ਼ਿਤ ਕਰਦਾ ਹੈ।




**ਦਿੱਲੀ ਦੀ ਸ਼ਾਨਦਾਰ ਪਰੇਡ, ਸ਼ਕਤੀ ਅਤੇ ਸੱਭਿਆਚਾਰ ਦਾ ਸੁਮੇਲ** : ਗਣਤੰਤਰ ਦਿਵਸ ਦਾ ਸਭ ਤੋਂ ਆਕਰਸ਼ਕ ਹਿੱਸਾ ਨਵੀਂ ਦਿੱਲੀ ਦੇ 'ਕਰਤੱਵਿਆ ਪਥ' 'ਤੇ ਹੋਣ ਵਾਲੀ ਪਰੇਡ ਹੈ।

**ਸੈਨਿਕ ਸ਼ਕਤੀ**: ਭਾਰਤੀ ਫੌਜ, ਹਵਾਈ ਫੌਜ ਅਤੇ ਜਲ ਸੈਨਾ ਆਪਣੇ ਆਧੁਨਿਕ ਹਥਿਆਰਾਂ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕਰਦੀਆਂ ਹਨ। ਹਵਾਈ ਫੌਜ ਦਾ 'ਫਲਾਈ ਪਾਸਟ' ਅਸਮਾਨ ਵਿੱਚ ਤਿਰੰਗਾ ਬਣਾ ਕੇ ਹਰ ਭਾਰਤੀ ਦਾ ਸੀਨਾ ਮਾਣ ਨਾਲ ਚੌੜਾ ਕਰ ਦਿੰਦਾ ਹੈ।

**ਸੱਭਿਆਚਾਰਕ ਝਾਕੀਆਂ**: ਹਰ ਰਾਜ ਆਪਣੀ ਵਿਰਾਸਤ ਪੇਸ਼ ਕਰਦਾ ਹੈ। ਪੰਜਾਬ ਦੀ ਝਾਕੀ ਵਿੱਚ ਅਕਸਰ ਸਿੱਖ ਇਤਿਹਾਸ, ਭੰਗੜਾ ਅਤੇ ਪੰਜਾਬ ਦੀ ਖੇਤੀਬਾੜੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

**ਬਹਾਦਰੀ ਪੁਰਸਕਾਰ**: ਰਾਸ਼ਟਰਪਤੀ ਉਨ੍ਹਾਂ ਜਵਾਨਾਂ ਅਤੇ ਬੱਚਿਆਂ ਨੂੰ ਸਨਮਾਨਿਤ ਕਰਦੇ ਹਨ, ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਬਹਾਦਰੀ ਦਿਖਾਈ ਹੁੰਦੀ ਹੈ।

**ਪੰਜਾਬ ਅਤੇ ਗਣਤੰਤਰ ਦਿਵਸ** : ਪੰਜਾਬ ਦਾ ਭਾਰਤ ਦੇ ਗਣਤੰਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਸਭ ਤੋਂ ਵੱਧ ਜਵਾਨ ਪੰਜਾਬ ਦੀ ਧਰਤੀ ਤੋਂ ਹਨ। ਇਸ ਤੋਂ ਇਲਾਵਾ ਦੇਸ਼ ਦਾ ਢਿੱਡ ਭਰਨ ਵਾਲਾ 'ਅੰਨਦਾਤਾ' ਵੀ ਪੰਜਾਬ ਹੀ ਹੈ। ਗਣਤੰਤਰ ਦਿਵਸ ਮੌਕੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਕੂਲਾਂ ਵਿੱਚ ਤਿਰੰਗਾ ਲਹਿਰਾਇਆ ਜਾਂਦਾ ਹੈ ਅਤੇ ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ।

**ਅਜੋਕੀਆਂ ਚੁਣੌਤੀਆਂ ਅਤੇ ਸਾਡਾ ਫਰਜ਼** : ਗਣਤੰਤਰ ਦਾ ਅਸਲ ਮਤਲਬ ਉਦੋਂ ਹੀ ਸਾਰਥਕ ਹੋਵੇਗਾ ਜਦੋਂ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ ਅਤੇ ਭ੍ਰਿਸ਼ਟਾਚਾਰ ਖ਼ਤਮ ਹੋਵੇਗਾ। ਅੱਜ ਦੇ ਨੌਜਵਾਨਾਂ ਨੂੰ ਸੰਵਿਧਾਨਕ ਮੁੱਲਾਂ ਨੂੰ ਸਮਝਣ ਦੀ ਲੋੜ ਹੈ। ਸਾਨੂੰ ਸਿਰਫ਼ ਹੱਕਾਂ ਦੀ ਗੱਲ ਨਹੀਂ ਕਰਨੀ ਚਾਹੀਦੀ, ਸਗੋਂ ਆਪਣੇ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਪਛਾਣਨਾ ਚਾਹੀਦਾ ਹੈ। 26 ਜਨਵਰੀ ਸਾਨੂੰ ਇੱਕ ਅਜਿਹਾ ਮੌਕਾ ਦਿੰਦੀ ਹੈ ਜਦੋਂ ਅਸੀਂ ਪਿੱਛੇ ਮੁੜ ਕੇ ਆਪਣੀਆਂ ਪ੍ਰਾਪਤੀਆਂ ਨੂੰ ਦੇਖੀਏ ਅਤੇ ਭਵਿੱਖ ਲਈ ਨਵੇਂ ਸੁਪਨੇ ਸਿਰਜੀਏ। ਇਹ ਦਿਨ 'ਏਕਤਾ ਵਿੱਚ ਅਨੇਕਤਾ' ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਆਓ, ਅਸੀਂ ਸਾਰੇ ਮਿਲ ਕੇ ਪ੍ਰਣ ਕਰੀਏ ਕਿ ਅਸੀਂ ਭਾਰਤ ਨੂੰ ਇੱਕ ਖੁਸ਼ਹਾਲ, ਸ਼ਾਂਤੀਪੂਰਨ ਅਤੇ ਮਜ਼ਬੂਤ ਰਾਸ਼ਟਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਵਾਂਗੇ।



ਭਗਵਾਨ ਸਿੰਘ ਜੌਹਲ
ਮੋ. 98143-24040

## ਬਰਸੀ 'ਤੇ ਵਿਸ਼ੇਸ਼

# ਢਾਡੀ ਕਲਾ ਦਾ ਸਿਖਰ-ਢਾਡੀ ਗਿ. ਦਇਆ ਸਿੰਘ ਦਿਲਬਰ

ਢਾਡੀ ਕਲਾ ਪੰਜਾਬੀ ਲੋਕ-ਸੰਗੀਤ ਦਾ ਇਕ ਅਹਿਮ ਅੰਗ ਹੀ ਨਹੀਂ, ਸਗੋਂ ਪੰਜਾਬ ਦਾ ਕੀਮਤੀ ਵਿਰਸਾ ਵੀ ਹੈ । ਇਸ ਕਲਾ ਨੂੰ ਅਤੇ ਵਿਰਸੇ ਨੂੰ ਸੰਭਾਲਣ ਲਈ ਛੇਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਵੱਡਮੁੱਲਾ ਯੋਗਦਾਨ ਪਾਇਆ । ਢਾਡੀ ਪ੍ਰਸੰਗ ਅਤੇ ਢਾਡੀ ਵਾਰਾਂ ਸੁਣ ਕੇ ਹਰ ਪੰਜਾਬੀ ਦਾ ਲਹੂ ਖੌਲ ਉੱਠਦਾ ਹੈ । ਲਹਿੰਦੇ ਅਤੇ ਚੜ੍ਹਦੇ ਪੰਜਾਬ ਨੇ ਗੁਰੂ ਕਾਲ ਤੋਂ ਹੁਣ ਤੱਕ ਅਨੇਕਾਂ ਨਾਮਵਰ ਢਾਡੀ ਪੈਦਾ ਕੀਤੇ ਹਨ । ਢਾਡੀ ਕਲਾ ਨੂੰ ਸੰਭਾਲਣ ਲਈ ਜਿਹੜਾ ਯੋਗਦਾਨ ਗੁਰਪੁਰ ਵਾਸੀ ਢਾਡੀ ਦਇਆ ਸਿੰਘ ਦਿਲਬਰ ਨੇ ਪਾਇਆ, ਉਹ ਸ਼ਬਦਾਂ ਦਾ ਮੁਹਤਾਜ਼ ਨਹੀਂ । ਗਿਆਨੀ ਦਇਆ ਸਿੰਘ ਦਿਲਬਰ ਇਕੋ ਸਮੇਂ ਅਨੇਕਾਂ ਗੁਣ ਲੈ ਕੇ ਇਸ ਸਾਂਝੇ ਪੰਜਾਬ ਦੀ ਧਰਤੀ ਦਾ ਸ਼ਿੰਗਾਰ ਹੋ ਨਿਬੜਿਆ । ਗਿਆਨੀ ਦਇਆ ਸਿੰਘ ਦਿਲਬਰ ਜਿਥੇ ਗੁਰਮਤਿ ਸਿਧਾਂਤਾਂ ਦੀ ਸੋਝੀ ਰੱਖਣ ਵਾਲਾ ਵਿਦਵਾਨ ਤੇ ਬੇਧੜਕ ਵਕਤਾ ਸੀ । ਇਸ ਤੋਂ ਇਲਾਵਾ ਉਹ ਕਲਮ ਦਾ ਧਨੀ, ਢਾਡੀ ਕਲਾ ਦਾ ਬੇਤਾਜ ਬਾਦਸ਼ਾਹ ਅਤੇ ਪੰਥਕ ਸਟੇਜਾਂ ਦਾ ਸ਼ਿੰਗਾਰ ਵੀ ਸੀ । ਅਸਲ ਵਿੱਚ ਸ਼ਬਦਾਂ ਦਾ ਉਹ ਸਫ਼ਲ ਜਾਦੂਗਰ ਸੀ ।

ਘੰਟਿਆਂਬੱਧੀ ਸਿੱਖ ਸੰਗਤ ਮੰਤਰ ਮੁਗਧ ਹੋ ਕੇ ਜੈਕਾਰੇ ਗੁੰਜਾਊਂਦੀ, ਆਪਾ ਭੁੱਲ ਕੇ ਉਸ ਨੂੰ ਸੁਣਦੀ ਅਤੇ ਭਰਪੂਰ ਦਾਦ ਦਿੰਦੀ ਸੀ । ਉਸ ਦੀ ਕਲਾ ਦੀ ਹਰ ਕੋਈ ਸਰਾਹਣਾ ਕਰਦਾ ਸੀ । ਅਸਲ ਵਿੱਚ ਭਾਸ਼ਨ ਕਲਾ ਲਈ ਸ਼ਬਦ-ਭੰਡਾਰ ਦਾ ਹੋਣਾ ਜ਼ਰੂਰੀ ਹੁੰਦਾ ਹੈ । ਉਸ ਉੱਪਰ ਕਰਤੇ ਦੀ ਬਖ਼ਸ਼ਿਸ਼ ਸੀ ।

ਢਾਡੀ ਦਇਆ ਸਿੰਘ ਦਿਲਬਰ ਦਾ ਜਨਮ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਸਹਾਰੀ ਵਿਖੇ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਹੋਇਆ । ਜਦੋਂ ਦਿਲਬਰ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ ਤਾਂ 17 ਕੁ ਸਾਲ ਦੀ ਉਮਰ ਵਿੱਚ ਦੇਸ਼ ਵੰਡਿਆ ਗਿਆ । ਦਿਲਬਰ ਵੀ ਆਪਣੇ ਮਾਤਾ-ਪਿਤਾ ਨਾਲ ਦੇਸ਼ ਦੀ ਵੰਡ ਦੇ ਦੁੱਖਾਂ ਦਾ ਝੰਬਿਆ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂ ਸ਼ਹਿਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਸਲੋਅ ਵਿਖੇ ਆ ਵਸਿਆ । ਦੇਸ਼ ਦੀ ਵੰਡ ਤੋਂ ਪਹਿਲਾਂ ਮਰਹੂਮ ਲੇਖਕ ਤੇ ਢਾਡੀ ਕਲਾ ਦੇ ਧਰੂ ਤਾਰੇ ਗਿਆਨੀ ਸੋਹਣ ਸਿੰਘ ਸੀਤਲ ਨੂੰ ਸਟੇਜਾਂ ਤੋਂ ਬੋਲਦਿਆਂ ਸੁਣ ਕੇ ਅੰਤਰ ਆਤਮਾ ਤੋਂ ਢਾਡੀ ਬਣਨ ਦਾ ਨਿਰਣਾ ਕਰ ਲਿਆ । ਕਵੀਸ਼ਰੀ ਵਿੱਚ ਪਰਪੱਕ ਹੋਣ ਲਈ ਗਿਆਨੀ ਕਰਤਾਰ ਸਿੰਘ ਬੀਰਮਪੁਰ ਨੂੰ ਉਸਤਾਦ ਧਾਰ ਲਿਆ । ਹੁਣ ਚੜ੍ਹਦੇ ਪੰਜਾਬ ਦੇ ਦੁਆਬੇ ਦੀ ਇਸ ਧਰਤੀ ਤੋਂ ਢਾਡੀ ਜਥਾ ਬਣਕੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਮਰ ਕੱਸੇ ਕਰ ਲਏ । ਇਕ ਸਫ਼ਲ ਕਵੀ ਵਜੋਂ ਬੀਰ ਰਸੀ ਵਾਰਾਂ ਦੀ ਰਚਨਾ ਕਰਕੇ ਢਾਡੀ ਵਾਰਾਂ ਤੇ ਪ੍ਰਸੰਗ ਲਿਖ ਕੇ ਢਾਡੀ ਸਾਹਿਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ। ਲਗਭਗ ਚਾਲੀ ਪੁਸਤਕਾਂ ਢਾਡੀ ਕਲਾ ਦੇ ਚਹੇਤੇ ਪਾਠਕਾਂ ਦੀ ਝੋਲੀ ਪਾਈਆਂ । ਜਦੋਂ ਇਲੈਕਟਰਾਨਿਕ ਯੁੱਗ ਦੀ ਸ਼ੁਰੂਆਤ ਹੋਈ ਤਾਂ ਸੀ.ਡੀ. ਅਤੇ ਵੀ.ਸੀ.ਡੀ ਦੀਆਂ 50 ਤੋਂ 60 ਐਲਬਮਾਂ ਵੱਖਰੀਆਂ-ਵੱਖਰੀਆਂ ਕੰਪਨੀਆਂ ਤੋਂ ਰਿਕਾਰਡ ਕਰਵਾ ਕੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਰੋਤਿਆਂ ਤੋਂ ਭਰਪੂਰ ਵਾਹ-ਵਾਹ ਖੱਟੀ । ਅੱਜ ਇਹੋ ਸੀ.ਡੀ ਅਤੇ ਵੀ.ਸੀ.ਡੀ ਨੇ ਯੂ-ਟਿਊਬ ਤੇ ਫੇਸਬੁੱਕ ਤੋਂ ਸਰੋਤਿਆਂ ਦੀ ਢਾਡੀ ਕਲਾ ਦੀਆਂ ਵੰਨਗੀਆਂ ਸੁਣ ਕੇ ਨਵੀਂ ਪੀੜ੍ਹੀ ਨੂੰ ਬੀਰ ਰਸ ਨਾਲ ਜੋੜਨ ਲਈ ਯੋਗਦਾਨ ਪਾ ਕੇ ਢਾਡੀ ਕਲਾ ਦਾ ਇਹ ਹੀਰਾ ਹਾਜ਼ਰ-ਨਾਜ਼ਰ ਨਜ਼ਰ ਆਉਂਦਾ ਹੈ ।

ਆਪਣੀ ਹਯਾਤੀ ਦੌਰਾਨ ਗਿਆਨੀ ਦਇਆ ਸਿੰਘ ਦਿਲਬਰ ਨੇ ਦੇਸ਼-ਵਿਦੇਸ਼ ਦੀਆਂ ਨਾਮਵਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੋਂ ਸੈਂਕੜੇ ਮਾਣ ਸਨਮਾਨ ਪ੍ਰਾਪਤ ਕੀਤੇ । 1979 ਈ: ਵਿੱਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੋਨੇ ਦਾ ਢਾਈ ਤੋਲੇ ਦਾ ਮੈਡਲ, ਦੁਸ਼ਾਲਾ ਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਤੋਂ ਪਿੱਛੋਂ 1994 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼ਰੋਮਣੀ ਢਾਡੀ ਪੁਰਸਕਾਰ ਪ੍ਰਾਪਤ ਕੀਤਾ । ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚਾਰ ਸੌ ਸਾਲਾ ਸਮਾਗਮਾਂ ਸਮੇਂ ਪੰਜਾਬ ਸਰਕਾਰ ਵੱਲੋਂ ਮਿਲਿਆ ਸਨਮਾਨ ਵੀ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਸੀ । ਜਦੋਂ ਵੀ ਪੰਜਾਬੀਆਂ ਅਤੇ ਸਿੱਖਾਂ ਨੂੰ ਕਿਸੇ ਸੰਘਰਸ਼ ਵਿੱਚ ਕੁੱਦਣਾ ਪਿਆ, ਉਸ ਸਮੇਂ ਜੇਲ੍ਹ ਯਾਤਰਾਵਾਂ ਵੀ ਗਿਆਨੀ ਦਇਆ ਸਿੰਘ ਦਿਲਬਰ ਦੇ ਜੀਵਨ ਦਾ ਹਿੱਸਾ ਬਣੀਆਂ । ਸਮੇਂ-ਸਮੇਂ ਸਿੱਖ ਆਗੂਆਂ ਤੇ ਪੰਥਕ ਸਫ਼ਾਂ ਵਿੱਚ ਗਿਆਨੀ ਦਇਆ ਸਿੰਘ ਦਿਲਬਰ ਨੂੰ ਜਿਹੜਾ ਸਤਿਕਾਰ ਮਿਲਿਆ ਉਹ ਵਿਰਲੇ ਲੋਕਾਂ ਨੂੰ ਹੀ ਮਿਲਦਾ ਹੈ ।

26 ਜਨਵਰੀ, 2006 ਨੂੰ ਜਦੋਂ ਸਮੁੱਚਾ ਦੇਸ਼ ਗਣਤੰਤਰ ਦਿਵਸ ਦੀ ਵਰ੍ਹੇਗੰਢ ਮਨਾ ਰਿਹਾ ਸੀ, ਉਸ ਸਮੇਂ ਸਿੱਖ ਕੌਮ ਦਾ ਹੀਰਾ ਪੁੱਤਰ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਗੁਰੂ ਦੀ ਗੋਦ ਵਿੱਚ ਬਿਰਾਜ ਰਿਹਾ ਸੀ ।

ਅੱਜ ਢਾਡੀ ਕਲਾ ਦੇ ਇਸ ਵੱਡਮੁੱਲੇ ਹੀਰੇ ਅਤੇ ਭਾਸ਼ਨ ਕਲਾ ਦੇ ਸਿਖਰ ਵਜੋਂ ਸਤਿਕਾਰੇ ਗਿਆਨੀ ਦਇਆ ਸਿੰਘ ਦਿਲਬਰ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਆਰੇ ਅਤੇ ਢਾਡੀ ਕਲਾ ਪ੍ਰਸ਼ੰਸਕ ਤੇ ਗਹਿਰ-ਗੰਭੀਰ ਸਰੋਤੇ ਹਿਰਦੇ ਦੀਆਂ ਗਹਿਰਾਈਆਂ ਤੋਂ ਯਾਦ ਕਰ ਰਹੇ ਹਨ । ਅਜਿਹੇ ਗੁਣੀ ਇਨਸਾਨਾਂ ਦੀ ਘਾਟ ਕੌਮਾਂ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੁੰਦਾ ਹੈ । ਅੱਜ ਉਨ੍ਹਾਂ ਨਾਲ ਪਿਆਰ ਕਰਨ ਵਾਲੇ ਅਨੇਕਾਂ ਢਾਡੀ ਅਤੇ ਬੁਲਾਰੇ ਉਨ੍ਹਾਂ ਦੀ ਥਾਂ ਲੈਣ ਲਈ ਯਤਨਸ਼ੀਲ ਨਜ਼ਰ ਆ ਰਹੇ ਹਨ । ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਾਡਾ ਪ੍ਰਣਾਮ ।

# ਮੁੱਖ ਮੰਤਰੀ ਨੇ ਆਪਣੇ ਜਨਮ ਦਿਨ ਦੇ ਮੌਕੇ 'ਤੇ ਵੀ ਮਾਤਾ ਦੀ ਸੇਵਾ ਦੇ ਪਵਿੱਤਰ ਸੰਕਲਪ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਚੁੱਕਿਆ ਇੱਕ ਹੋਰ ਅਹਿਮ ਕਦਮ

## ਜ਼ਿਲ੍ਹੇ ਦੀਆਂ 14 ਗਊਸ਼ਾਲਾਵਾਂ ਲਈ 1 ਕਰੋੜ 22 ਲੱਖ 46 ਹਜ਼ਾਰ ਰੁਪਏ ਦੀ ਚਾਰਾ ਗ੍ਰਾਂਟ ਰਕਮ ਦੇ ਚੈਕ ਵੰਡੇ

ਪੰਚਕੂਲਾ, 25 ਜਨਵਰੀ (ਪ੍ਰਤੀਨਿਧੀ): ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਆਪਣੇ ਜਨਮ ਦਿਨ ਦੇ ਮੌਕੇ 'ਤੇ ਗਾਂ ਮਾਤਾ ਦੀ ਸੇਵਾ ਦੇ ਪਵਿੱਤਰ ਸੰਕਲਪ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦੇ ਹੋਏ ਮਾਤਾ ਮਨਸਾ ਦੇਵੀ ਗੌਧਾਮ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਜਿਲ੍ਹਾ ਦੀ 14 ਗਾਂਸ਼ਾਲਾਵਾਂ ਲਈ 1 ਕਰੋੜ 22 ਲੱਖ 46 ਹਜਾਰ ਰੁਪਏ ਦੀ ਚਾਰਾ ਗ੍ਰਾਂਟ ਰਕਮ ਦੇ ਚੈਕ ਵੰਡੇ। ਇਸ ਮੌਕੇ 'ਤੇ ਉਨ੍ਹਾਂ ਨੇ ਸਕੇਤੜੀ ਦੀ ਪਹਾੜੀ 'ਤੇ ਸਥਿਤ ਪ੍ਰਾਚੀਣ ਸ਼ਿਵ ਮੰਦਿਰ ਦੇ ਕੱਚੇ ਰਸਤੇ ਦੇ ਮਜਬੂਤੀਕਰਣ ਤੇ ਨਵੀਨੀਕਰਣ ਲਈ 20 ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਵੀ ਕੀਤਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ ਸਮੇਤ ਮਾਤਾ ਮਨਸਾ ਦੇਵੀ ਗੌਧਾਮ ਵਿੱਚ ਗਾਂ ਸੇਵਾ ਕੀਤੀ ਅਤੇ ਚਾਰਾ ਅਤੇ ਗੁੜ ਖਿਲਾ ਕੇ ਗਾਂ ਮਾਤਾ ਦਾ ਆਸ਼ੀਰਵਾਦ ਲਿਆ। ਇਸ ਮੌਕੇ 'ਤੇ ਉਨ੍ਹਾਂ ਨੇ ਗਾਂ ਪੂਜਨ ਵੀ ਕੀਤਾ।

ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਗਾਂ ਆਦਿਕਾਲ ਤੋਂ ਹੀ ਪੂਜਨੀਕ ਰਹੀ ਹੈ ਅਤੇ ਗਾਂ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ। ਪੁਰਾਣੀ ਕਥਾਵਾਂ ਅਨੁਸਾਰ, ਗਾਂ ਵਿੱਚ ਸਾਰੀਆਂ ਦੇਵੀ-ਦੇਵਤੇ ਨਿਵਾਸ ਕਰਦੇ ਹਨ। ਗਾਂ ਦੇ ਇਸੀ ਮਹਤੱਵ ਨੂੰ ਦੇਖਦੇ ਹੋਏ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਵੱਲੋਂ ਗਾਂਸ਼ਾਲਾਵਾਂ ਦੀ ਸਥਾਪਨਾ 'ਤੇ ਜੋਰ ਦਿੱਤਾ ਗਿਆ ਹੈ। ਮੌਜੂਦਾ ਸਰਕਾਰ ਨੇ ਵੀ ਗਾਂਸ਼ਾਲਾਵਾਂ ਦੇ ਵਿਕਾਸ, ਗਾਂਵੰਸ਼ ਸਰੰਖਣ ਅਤੇ ਕੁਦਰਤੀ ਖੇਤੀਬਾੜੀ ਨੂੰ ਪ੍ਰੋਤਸਾਹਿਤ ਕਰਨ ਦੀ ਦਿਸ਼ਾ ਵਿੱਚ ਮਹਤੱਵਪੂਰਣ ਕਦਮ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਰਜਿਸਟਰਜਡ ਗਾਂਸ਼ਾਲਾਵਾਂ ਨੂੰ ਚਾਰੇ ਲਈ 270 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।



ਅੱਜ ਦੀ ਰਕਮ ਨੂੰ ਮਿਲਾ ਕੇ ਹੁਣ ਤੱਕ 360 ਕਰੋੜ ਰੁਪਏ ਦੀ ਚਾਰਾ ਗ੍ਰਾਂਟ ਰਕਮ ਦਿੱਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014-15 ਵਿੱਚ ਹਰਿਆਣਾਂ ਗਾਂਸੇਵਾ ਆਯੋਗ ਲਈ ਸਿਰਫ 2 ਕਰੋੜ ਰੁਪਏ ਦਾ ਬਜਟ ਸੀ। ਅਸੀਂ ਜਨਸੇਵਾ ਦੀ ਜਿਮੇਵਾਰੀ ਸੰਭਾਲਦੇ ਹੀ ਬਜਟ ਨੂੰ ਵਧਾਉਣਾ ਸ਼ੁਰੂ ਕੀਤਾ ਅਤੇ ਚਾਲੂ ਵਿੱਤ ਸਾਲ ਵਿੱਚ ਕੁੱਲ ਬਜਟ 595 ਕਰੋੜ ਰੁਪਏ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਲ 2014 ਤੱਕ ਹਰਿਆਣਾ ਵਿੱਚ 215 ਰਜਿਸਟਰਡ ਗਾਂਸ਼ਾਲਾਵਾਂ ਵਿੱਚ ਸਿਰਫ 1 ਲੱਖ 75 ਹਜਾਰ ਗਾਂਵੰਸ਼ ਸਨ ਜਦੋਂ ਕਿ ਮੌਜੂਦ ਵਿੱਚ ਸੂਬੇ ਵਿੱਚ 686 ਰਜਿਸਟਰਡ ਗਾਂਸ਼ਾਲਾਵਾਂ ਹਨ, ਜਿਨ੍ਹਾਂ ਵਿੱਚ ਲਗਭਗ 4 ਲੱਖ ਬੇਸਹਾਰਾ ਗਾਂਵੰਸ਼ ਦਾ ਪਾਲਣ-ਪੋਸ਼ਣ ਹੋ ਰਿਹਾ ਹੈ। 330 ਗਾਂਸ਼ਾਲਾਵਾਂ ਵਿੱਚ ਸੋਲਰ ਊਰਜਾ ਪਲਾਂਟ ਲਗਾਏ ਗਏ ਹਨ ਅਤੇ ਬਾਕੀ ਬਚੀ ਗਾਂਸ਼ਾਲਾਵਾਂ ਵਿੱਚ ਵੀ ਸੋਲਰ ਪਲਾਂਟ ਲਗਾਉਣ ਦਾ ਕੰਮ ਜਲਦੀ ਪੂਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗਾਂਸ਼ਾਲਾਵਾਂ ਵਿੱਚ 2 ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਬਿਜਲੀ ਉਪਲਬਧ ਕਰਵਾਈ ਜਾ ਰਹੀ ਹੈ। ਪਹਿਲਾਂ ਗਾਂਸ਼ਾਲਾਵਾਂ ਤੋਂ ਜਮੀਨ ਦੀ ਰਜਿਸਟਰੀ 'ਤੇ 1 ਫੀਸਦੀ ਫੀਸ ਲਈ ਜਾਂਦੀ ਸੀ, ਪਰ ਹੁਣ ਨਵੀਂ ਗਾਂਸ਼ਾਲਾਵਾਂ ਨੂੰ ਜਮੀਨ ਦੀ ਰਜਿਸਟਰੀ 'ਤੇ ਕੋਈ ਵੀ ਸਟਾਂਪ ਡਿਊਟੀ ਨਹੀਂ ਦੇਣੀ ਪੈਂਦੀ।

ਮੁੱਖ ਮੰਤਰੀ ਨੇ ਕਿਹਾ ਕਿ ਗਾਂਸ਼ਾਲਾਵਾਂ ਵਿੱਚ ਗਾਂਵੰਸ਼ ਦੇ ਸਿਹਤ ਦੀ ਜਾਂਚ ਲਈ ਪਸ਼ੂ ਡਾਕਟਰਾਂ ਦੀ ਵਿਵਸਥਾ ਨਾ ਹੋਣ ਦੇ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮੌਜੂਦਾ ਸਰਕਾਰ ਨੇ ਇਸ ਸਮਸਿਆ ਦਾ ਵੀ ਹੱਲ ਕੀਤਾ ਹੈ। ਉਨ੍ਹਾਂ ਨੇ ਪਿਛਲੇ ਸਾਲ 5 ਅਗਸਤ, 2024 ਨੂੰ ਐਲਾਨ ਕੀਤਾ ਸੀ ਕਿ ਤਿੰਨ ਹਜਾਰ ਤੋਂ ਵੱਧ ਗਾਂਵੰਸ਼ ਵਾਲੀ ਗਾਂਸ਼ਾਲਾਵਾਂ ਵਿੱਚ ਹਫਤੇ ਵਿੱਚ ਇੱਕ ਦਿਨ ਪਸ਼ੂ ਡਾਕਟਰ ਡਿਊਟੀ ਕਰੇਗਾ। ਤਿੰਨ ਹਜਾਰ ਤੋਂ ਘੱਟ ਗਾਂਵਾਂ ਵਾਲੀ ਗਾਂਸ਼ਾਲਾਵਾਂ ਵਿੱਚ ਹਫਤੇ ਵਿੱਚ ਇੱਕ ਦਿਨ ਵੀਐਲਡੀਏ ਡਿਊਟੀ ਕਰੇਗਾ। ਇਸ ਐਲਾਨ ਨੂੰ ਲਾਗੂ ਕਰ ਦਿੱਤਾ ਗਿਆ ਹੈ। ਨਾਲ ਹੀ ਮੋਬਾਇਲ ਪਸ਼ੂ ਡਿਸਪੇਂਸਰੀ ਦੀ ਸੇਵਾਵਾਂ ਵੀ ਗਾਂਸ਼ਾਲਾਵਾਂ ਦੇ ਲਈ ਉਪਲਬਧ ਕਰਾਈਆਂ ਜਾ ਰਹੀਆਂ ਹਨ।ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਨੂੰ ਬੇਸਹਾਰਾ ਗਾਂਵੰਸ਼ ਤੋਂ ਮੁਕਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ।

ਇਸ ਦੇ ਲਈ ਪਿੰਡ ਨੈਨ, ਜਿਲ੍ਹਾ ਪਾਣੀਪਤ ਵਿੱਚ ਅਤੇ ਪਿੰਡ ਢੰਡੂਰ, ਜਿਲ੍ਹਾ ਹਿਸਾਰ ਵਿੱਚ ਦੋ ਗਾਂ ਅਭਿਆਰਣਾਂ ਦੀ ਸਥਾਪਨਾ ਕੀਤੀ ਗਈ ਹੈ। ਇੰਨ੍ਹਾਂ ਵਿੱਚ ਸ਼ੈਡ, ਪਾਣੀ, ਚਾਰੇ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਦੇ ਲਈ 8 ਕਰੋੜ ਰੁਪਏ ਦੀ ਰਕਮ ਪਹਿਲਾਂ ਜਾਰੀ ਕੀਤੀ ਜਾ ਚੁੱਕੀ ਹੈ। ਇਸ ਵਿੱਚ ਲਗਭਗ 5 ਹਜਾਰ ਬੇਸਹਾਰਾ ਗਾਂਵੰਸ਼ ਨੂੰ ਸ਼ੈਲਟਰ ਦਿੱਤਾ ਜਾ ਚੁੱਕਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੇਸਹਾਰਾ ਗਾਂਵੰਸ਼ ਦੇ ਮੁੜ-ਵਸੇਬੇ ਲਈ 200 ਗਾਂਸ਼ਾਲਾਵਾਂ ਨੂੰ ਸ਼ੈਡ ਬਨਾਉਣ ਲਈ 10 ਲੱਖ ਰੁਪਏ ਪ੍ਰਤੀ ਗਾਂਸ਼ਾਲਾ ਗ੍ਰਾਂਟ ਦੇਣ ਦੀ ਉਨ੍ਹਾਂ ਦਾ ਐਲਾਨ ਅਨੁਰੂਪ 51 ਗਾਂਸ਼ਾਲਾਵਾਂ ਵਿੱਚ ਸ਼ੈਡ ਬਣਾਏ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਗਾਂ ਮਾਤਾ ਨੂੰ ਪਹਿਲਾਂ ਵਗਾ ਸਨਮਾਨ ਦਿਵਾਉਣ ਲਈ ਦੇਸੀ ਨਸਲ ਦੀ ਗਾਂਵਾਂ ਦੇ ਸਰੰਖਣ ਅਤੇ ਸੰਵਰਧਨ ਲਈ ਵੀ ਕਾਰਗਰ ਕਦਮ ਚੁੱਕਣੇ ਹੋਣਗੇ। ਇਸ ਦਿਸ਼ਾ ਵਿੱਚ ਕਦਮ ਚੁੱਕਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੈ ਦੇਸੀ ਨਸਲ ਦੀ ਗਾਂਵਾਂ ਦੇ ਸਰੰਖਣ ਅਤੇ ਸੰਵਰਧਨ ਲਈ ਰਾਸ਼ਟਰੀ ਗੋਕੁਲ ਮਿਸ਼ਨ ਲਾਗੂ ਕੀਤਾ ਹੈ। ਦੇਸੀ ਨਸਲ ਦੀ ਹਰਿਆਣਾ, ਸਾਹੀਵਾਲ ਤੇ ਬੇਲਾਹੀ ਗਾਂਵਾਂ ਦੇ ਗਾਂ ਪਾਲਕਾਂ ਨੂੰ ਦੁੱਧ ਉਤਪਾਦਨ ਦੀ ਸਮਰੱਥਾ ਅਨੁਸਾਰ 5 ਹਜਾਰ ਤੋਂ 20 ਹਜਾਰ ਰੁਪਏ ਤੱਕ ਪ੍ਰੋਤਸਾਹਨ ਰਕਮ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਗਾਂਸ਼ਾਲਾਵਾਂ ਵਿੱਚ ਆਸ਼ਰਿਤ ਗਾਂਵੰਸ਼ ਦੀ ਨਸਲ ਸੁਧਾਰ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ 'ਤੇ ਹਰਿਆਣਾ ਗਾਂ ਸੇਵਾ ਆਯੋਗ ਦੇ ਚੇਅਰਮੈਨ ਸ੍ਰੀ ਸ਼ਰਵਣ ਕੁਮਾਰ ਗਰਗ, ਕਾਲਕਾ ਦੀ ਵਿਧਾਇਕ ਸ੍ਰੀਮਤੀ ਸ਼ਕਤੀ ਰਾਣੀ ਸ਼ਰਮਾ, ਵਿਧਾਨਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਵਿਜੈ ਸਿੰਘ ਦਹੀਆ, ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਮਹਾਨਿਦੇਸ਼ਕ ਸ੍ਰੀ ਕੇ ਮਕਰੰਦ ਪਾਂਡੂਰੰਗ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਬੀਬੀ ਭਾਰਤੀ, ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ੍ਰੀ ਪ੍ਰਵੀਣ ਅੱਤਰੇ, ਮਾਤਾ ਮਨਸਾ ਦੇਵੀ ਗਾਂਧਾਮ ਦੇ ਟਰਸਟੀ ਸ੍ਰੀ ਦੀਪਕ ਬੰਸਲ, ਗਾਂਸ਼ਾਲਾਵਾਂ ਦੇ ਪ੍ਰਤੀਨਿਧੀ ਅਤੇ ਗਾਂ ਭਗਤ ਮੌਜੂਦ ਰਹੇ।

# 'ਮਨ ਕੀ ਬਾਤ' ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਇਹ ਦੇਸ਼ ਦੇ ਵਿਕਾਸ ਵਿੱਚ ਜਨ ਭਾਗੀਦਾਰੀ ਹੈ: ਵਿਜ

ਅੰਬਾਲਾ, 25 ਜਨਵਰੀ (ਪ੍ਰਤੀਨਿਧੀ): ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਰ ਮਹੀਨੇ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਦੇਸ਼ ਨਾਲ ਗੱਲਬਾਤ ਕਰਦੇ ਹਨ ਅਤੇ ਦੇਸ਼ ਨੂੰ ਕਈ ਨਵੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਵਿਜ ਅੱਜ ਮਹੇਸ਼ਵਰ ਨਗਰ ਦੇ ਡਾ. ਆਰ.ਕੇ. ਅਨੇਜਾ ਹਸਪਤਾਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਿੱਧ 'ਮਨ ਕੀ ਬਾਤ' ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।



ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅੱਜ ਦੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ, ਉਨ੍ਹਾਂ ਨੇ ਮੁੱਖ ਤੌਰ 'ਤੇ ਦੇਸ਼ ਦੇ ਵਿਕਾਸ ਵਿੱਚ ਜਨ ਭਾਗੀਦਾਰੀ ਬਾਰੇ ਗੱਲ ਕੀਤੀ। ਉੱਤਰ ਪ੍ਰਦੇਸ਼ ਵਿੱਚ ਤਮਸਾ ਨਦੀ ਨੂੰ ਸਾਫ਼ ਅਤੇ ਬਹਾਲ ਕੀਤਾ ਗਿਆ ਹੈ। ਇਸੇ ਤਰ੍ਹਾਂ, ਹੋਰ ਥਾਵਾਂ 'ਤੇ ਜਲ ਭੰਡਾਰਾਂ ਨੂੰ ਬਹਾਲ ਕੀਤਾ ਗਿਆ ਹੈ। ਅਤੇ ਮੈਨੂੰ ਸਭ ਤੋਂ ਵਧੀਆ ਚੀਜ਼ ਜੋ ਮਿਲੀ ਉਹ ਸੀ ਕਮਿਊਨਿਟੀ ਰਸੋਈਆਂ ਦਾ ਵਿਚਾਰ, ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਇੱਕ ਬਹੁਤ ਵਧੀਆ ਸੰਦੇਸ਼ ਦਿੱਤਾ ਹੈ। ਜੇਕਰ ਸਾਰੇ ਇਕੱਠੇ ਬੈਠ ਕੇ ਖਾਂਦੇ ਹਨ ਅਤੇ ਗੱਲਬਾਤ ਕਰਦੇ ਹਨ, ਤਾਂ ਇਸ ਨਾਲ ਆਪਸੀ ਪਿਆਰ ਵਧੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵੋਟਰ ਦਿਵਸ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ ਇਹ ਸੰਦੇਸ਼ ਦਿੱਤਾ ਕਿ ਵੋਟਰ ਦਿਵਸ ਮਨਾਇਆ ਜਾਣਾ ਚਾਹੀਦਾ ਹੈ, ਅਤੇ ਜੇਕਰ ਤੁਸੀਂ ਆਪਣੀ ਵੋਟ ਪਾਉਂਦੇ ਹੋ, ਤਾਂ ਇਹ ਜਨਮਦਿਨ ਵਾਂਗ ਮਨਾਉਣ ਦਾ ਮੌਕਾ ਹੈ। ਮੋਦੀ ਦੇਸ਼ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ ਯੋਜਨਾ ਬਣਾ ਰਹੇ ਹਨ। ਭਵਿੱਖ ਵਿੱਚ ਦੇਸ਼ ਵਿੱਚ ਇੱਕ ਵੱਡਾ 19 ਪ੍ਰੋਗਰਾਮ ਵੀ ਹੋਣ ਵਾਲਾ ਹੈ, ਜੋ ਕਿ ਇੱਕ ਮਹੱਤਵਪੂਰਨ ਘਟਨਾ ਹੈ। ਅੱਜ 19 ਦਾ ਯੁੱਗ ਹੈ, ਅਤੇ ਦੇਸ਼ ਨੂੰ ਇਸ ਨਾਲ ਤਾਲਮੇਲ ਬਣਾਈ ਰੱਖਣ ਵਿੱਚ ਮਦਦ ਕਰਨ ਲਈ ਤਿਆਰੀਆਂ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ, ਮੰਤਰੀ ਅਨਿਲ ਵਿਜ ਨੇ ਡਾ. ਆਰ.ਕੇ. ਅਨੇਜਾ ਹਸਪਤਾਲ ਦੇ ਨਵੀਨੀਕਰਨ ਦਾ ਉਦਘਾਟਨ ਕੀਤਾ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਜਨਮ ਦਿਨ 'ਤੇ ਦੇਵੀ ਮੰਦਿਰ ਵਿਖੇ ਹਵਨ ਕਰਵਾਇਆ

ਇੰਦਰੀ, 25 ਜਨਵਰੀ (ਪ੍ਰਤੀਨਿਧੀ): ਹਰਿਆਣਾ ਦੇ ਉੱਘੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਜਨਮ ਦਿਨ ਮੌਕੇ ਇੰਦਰੀ ਦੇਵੀ ਮੰਦਿਰ ਵਿਖੇ ਹਵਨ ਯੱਗ ਕੀਤਾ ਗਿਆ। ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਨੇ ਹਵਨ ਕੀਤਾ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਚੰਗੀ ਸਿਹਤ, ਲੰਬੀ ਉਮਰ ਅਤੇ ਸਫਲ ਅਗਵਾਈ ਲਈ ਪ੍ਰਾਰਥਨਾ ਕੀਤੀ। ਇਸ ਮੌਕੇ ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ ਅੱਜ ਦਾ ਦਿਨ ਸੂਬੇ ਲਈ ਖੁਸ਼ੀ ਦਾ ਦਿਨ ਹੈ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਲੰਬੀ ਉਮਰ ਅਤੇ ਅਥਾਹ ਸ਼ਕਤੀ ਪ੍ਰਦਾਨ ਕਰਨ ਤਾਂ ਜੋ ਉਹ ਨਿਰਸਵਾਰਥ ਹੋ ਕੇ ਹਰਿਆਣਾ ਦੀ ਸੇਵਾ ਕਰਦੇ ਰਹਿ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚ ਰਿਹਾ ਹੈ ਅਤੇ ਭਲਾਈ ਯੋਜਨਾਵਾਂ ਦੇ ਲਾਭ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚ ਰਹੇ ਹਨ।

ਹਵਨ ਦੌਰਾਨ ਵਿਧਾਇਕ ਨੇ ਇੰਦਰੀ ਵਿਧਾਨ ਸਭਾ ਹਲਕੇ ਸਮੇਤ ਪੂਰੇ ਹਰਿਆਣਾ ਰਾਜ ਵਿੱਚ ਸ਼ਾਂਤੀ, ਖੁਸ਼ਹਾਲੀ ਅਤੇ ਨਿਰੰਤਰ ਵਿਕਾਸ ਲਈ ਵੀ ਪ੍ਰਾਰਥਨਾ ਕੀਤੀ।




# ਭਾਰਤ ਦਾ ਮਾਣ; ਆਈ.ਐਸ.ਐਸ.'ਤੇ ਜਾਣ ਵਾਲੇ ਪਹਿਲੇ ਪੁਲਾੜ ਯਾਤਰੀ ਭਾਰਤੀ ਸ਼ੁਭਾਂਸ਼ੂ ਸ਼ੁਕਲਾ ਨੂੰ ਮਿਲੇਗਾ ਅਸ਼ੋਕ ਚੱਕਰ!




ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ): ਭਾਰਤ ਦੇ ਪੁਲਾੜ ਇਤਿਹਾਸ 'ਚ ਨਵਾਂ ਅਧਿਆਏ ਲਿਖਣ ਵਾਲੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨੂੰ ਦੇਸ਼ ਦੇ ਸਰਵਉੱਚ ਸ਼ਾਂਤੀ ਕਾਲੀਨ ਵੀਰਤਾ ਪੁਰਸਕਾਰ 'ਅਸ਼ੋਕ ਚੱਕਰ' ਨਾਲ ਸਨਮਾਨਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਨਾਂ ਇਸ ਵੱਕਾਰੀ ਪੁਰਸਕਾਰ ਲਈ ਉਨ੍ਹਾਂ ਦੇ ਇਤਿਹਾਸਕ ਆਈ.ਐੱਸ.ਐੱਸ. ਮਿਸ਼ਨ ਦੌਰਾਨ ਦਿਖਾਏ ਗਏ ਅਸਾਧਾਰਨ ਸਾਹਸ ਅਤੇ ਸੂਝ-ਬੂਝ ਲਈ ਭੇਜਿਆ ਗਿਆ ਹੈ।ਸ਼ੁਭਾਂਸ਼ੂ ਸ਼ੁਕਲਾ ਨੇ 'ਐਕਸੀਓਮ-4' ਮਿਸ਼ਨ ਤਹਿਤ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਯਾਤਰਾ ਕੀਤੀ ਸੀ, ਜਿਸ ਕਾਰਨ ਉਹ ਆਈ.ਐੱਸ.ਐੱਸ. ਜਾਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਤੋਂ ਬਾਅਦ ਉਹ ਪੁਲਾੜ 'ਚ ਜਾਣ ਵਾਲੇ ਦੂਜੇ ਭਾਰਤੀ ਪੁਲਾੜ ਯਾਤਰੀ ਹਨ। ਉਨ੍ਹਾਂ ਨੇ 25 ਜੂਨ 2025 ਨੂੰ ਉਡਾਣ ਭਰੀ ਸੀ ਅਤੇ 14 ਜੁਲਾਈ ਨੂੰ ਵਾਪਸ ਪਰਤੇ ਸਨ।ਪੁਲਾੜ ਵਿੱਚ ਬਿਤਾਏ ਲਗਭਗ 20 ਦਿਨਾਂ ਦੇ ਦੌਰਾਨ ਸ਼ੁਭਾਂਸ਼ੂ ਨੇ 60 ਤੋਂ ਵੱਧ ਗੁੰਝਲਦਾਰ ਪ੍ਰਯੋਗ ਕੀਤੇ। ਇਨ੍ਹਾਂ ਵਿੱਚ ਜੈਵ-ਚਿਕਿਤਸਾ ਵਿਗਿਆਨ, ਖੇਤੀਬਾੜੀ, ਪੁਲਾੜ ਤਕਨਾਲੋਜੀ ਅਤੇ ਮਾਨਸਿਕ ਵਿਗਿਆਨ ਵਰਗੇ ਵਿਭਿੰਨ ਖੇਤਰ ਸ਼ਾਮਲ ਸਨ। ਉਨ੍ਹਾਂ ਨੇ ਮਾਈਕ੍ਰੋ ਗ੍ਰੈਵਿਟੀ, ਸਰੀਰਕ ਤਣਾਅ ਅਤੇ ਰੇਡੀਏਸ਼ਨ ਵਰਗੇ ਗੰਭੀਰ ਜੋਖਮਾਂ ਦੇ ਬਾਵਜੂਦ ਅਦੁੱਤੀ ਮਾਨਸਿਕ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ।ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦੇ ਲਖਨਊ ਦੇ ਰਹਿਣ ਵਾਲੇ ਹਨ। ਉਹ ਸਾਲ 2006 ਵਿੱਚ ਭਾਰਤੀ ਹਵਾਈ ਸੈਨਾ ਵਿੱਚ ਸ਼ਾਮਲ ਹੋਏ ਸਨ। ਜ਼ਿਕਰਯੋਗ ਹੈ ਕਿ ਸਾਲ 2019 ਵਿੱਚ ਉਨ੍ਹਾਂ ਨੂੰ ਭਾਰਤ ਦੇ ਅਹਿਮ 'ਗਗਨਯਾਨ' ਮਿਸ਼ਨ ਲਈ ਪੁਲਾੜ ਯਾਤਰੀ ਵਜੋਂ ਚੁਣਿਆ ਗਿਆ ਸੀ। ਉਨ੍ਹਾਂ ਦੀ ਇਸ ਪ੍ਰਾਪਤੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਂ ਹੋਰ ਉੱਚਾ ਕੀਤਾ ਹੈ।

# ਪੱਤਰਕਾਰੀ ਦੇ ਇੱਕ ਯੁੱਗ ਦਾ ਅੰਤ: ਮਹਾਨ ਪੱਤਰਕਾਰ ਮਾਰਕ ਟੱਲੀ ਦਾ ਦੇਹਾਂਤ

## ਪਦਮ ਭੂਸ਼ਣ ਨਾਲ ਸਨਮਾਨਿਤ ਮਾਰਕ ਟੱਲੀ ਨੇ ਦਿੱਲੀ ਦੇ ਹਸਪਤਾਲ ਵਿੱਚ ਲਏ ਆਖ਼ਰੀ ਸਾਹ



ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ): ਭਾਰਤ ਦੇ ਇਤਿਹਾਸ ਨੂੰ ਆਪਣੀ ਕਲਮ ਅਤੇ ਆਵਾਜ਼ ਨਾਲ ਦੁਨੀਆ ਭਰ ਵਿੱਚ ਪਹੁੰਚਾਉਣ ਵਾਲੇ ਦਿੱਗਜ ਪੱਤਰਕਾਰ ਸਰ ਮਾਰਕ ਟੱਲੀ ( ਦਾ ਐਤਵਾਰ ਨੂੰ ਨਵੀਂ ਦਿੱਲੀ ਦੇ ਮੈਕਸ ਹਸਪਤਾਲ ਵਿੱਚ 90 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। 24 ਅਕਤੂਬਰ 1935 ਨੂੰ ਕੋਲਕਾਤਾ ਵਿੱਚ ਜਨਮੇ ਟੱਲੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦੇ ਕਰੀਬੀ ਦੋਸਤ ਅਤੇ ਸੀਨੀਅਰ ਪੱਤਰਕਾਰ ਸਤੀਸ਼ ਜੈਕਬ ਨੇ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕੀਤੀ। ਮਾਰਕ ਟੱਲੀ ਨੇ ਲਗਭਗ 22 ਸਾਲਾਂ ਤੱਕ ਬੀਬੀਸੀ ਦੇ ਦਿੱਲੀ ਬਿਊਰੋ ਚੀਫ਼ ਵਜੋਂ ਸੇਵਾਵਾਂ ਨਿਭਾਈਆਂ ਅਤੇ ਭਾਰਤ ਦੀਆਂ ਗੁੰਝਲਦਾਰ ਪਰਤਾਂ ਨੂੰ ਬਹੁਤ ਸਰਲਤਾ ਨਾਲ ਦੁਨੀਆ ਸਾਹਮਣੇ ਪੇਸ਼ ਕੀਤਾ। ਉਨ੍ਹਾਂ ਨੂੰ ਖਾਸ ਤੌਰ 'ਤੇ 1971 ਦੀ ਬੰਗਲਾਦੇਸ਼ ਮੁਕਤੀ ਜੰਗ ਦੌਰਾਨ ਕੀਤੀ ਗਈ ਬੇਮਿਸਾਲ ਕਵਰੇਜ ਲਈ ਯਾਦ ਕੀਤਾ ਜਾਂਦਾ ਹੈ, ਜੋ ਉਸ ਸਮੇਂ ਆਜ਼ਾਦੀ ਦੀ ਲੜਾਈ ਲੜ ਰਹੇ ਬੰਗਾਲੀਆਂ ਲਈ ਪ੍ਰਮਾਣਿਕ ਜਾਣਕਾਰੀ ਦਾ ਸਭ ਤੋਂ ਵੱਡਾ ਸਰੋਤ ਸੀ। ਆਪਣੀ ਸ਼ਾਂਤ ਪਰ ਦਮਦਾਰ ਆਵਾਜ਼ ਲਈ ਜਾਣੇ ਜਾਂਦੇ ਟੱਲੀ ਸਿਰਫ਼ ਇੱਕ ਪੱਤਰਕਾਰ ਨਹੀਂ, ਸਗੋਂ ਖੁਦ ਵਿੱਚ ਇੱਕ ਸੰਸਥਾ ਸਨ, ਜਿਨ੍ਹਾਂ ਦੀ ਰਿਪੋਰਟਿੰਗ ਵਿੱਚ ਨਿਰਪੱਖਤਾ, ਇਮਾਨਦਾਰੀ ਅਤੇ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਸਾਫ਼ ਝਲਕਦੀ ਸੀ। ਮਾਰਕ ਟੱਲੀ ਸਿਰਫ਼ ਇੱਕ ਪੱਤਰਕਾਰ ਹੀ ਨਹੀਂ ਸਗੋਂ ਇੱਕ ਉੱਘੇ ਲੇਖਕ ਵੀ ਸਨ, ਜਿਨ੍ਹਾਂ ਨੇ 'ਨੋ ਫੁੱਲ ਸਟਾਪਸ ਇਨ ਇੰਡੀਆ' ਅਤੇ 'ਇੰਡੀਆ ਇਨ ਸਲੋ ਮੋਸ਼ਨ' ਵਰਗੀਆਂ ਪ੍ਰਸਿੱਧ ਕਿਤਾਬਾਂ ਰਾਹੀਂ ਭਾਰਤੀ ਜੀਵਨ ਦੀ ਡੂੰਘੀ ਤਸਵੀਰ ਪੇਸ਼ ਕੀਤੀ। ਪੱਤਰਕਾਰੀ ਅਤੇ ਸਾਹਿਤ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਲਈ 2002 ਵਿੱਚ ਉਨ੍ਹਾਂ ਨੂੰ ਬਰਤਾਨੀਆ ਵੱਲੋਂ 'ਨਾਈਟਹੁੱਡ' ਅਤੇ 2005 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਜਾਣ ਨਾਲ ਦੱਖਣੀ ਏਸ਼ੀਆਈ ਪੱਤਰਕਾਰੀ ਦੇ ਇੱਕ ਅਜਿਹੇ ਦੌਰ ਦਾ ਅੰਤ ਹੋ ਗਿਆ ਹੈ ਜਿਸ ਨੇ ਹਮੇਸ਼ਾ ਸੱਚਾਈ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਭ ਤੋਂ ਉੱਪਰ ਰੱਖਿਆ।

# ਸ੍ਰੀ ਗੁਰੂ ਤੇ.ਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਸਮਾਗਮ ਨਾਂਦੇੜ ਵਿਖੇ ਹੋਇਆ ਸੰਪੂਰਨ







ਨਾਂਦੇੜ ਸਾਹਿਬ , 25 ਜਨਵਰੀ (ਪ੍ਰਤੀਨਿਧੀ): 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ ਦਿਵਸ ਸਮਾਗਮ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਗੁਰਤਾ ਗੱਦੀ ਸਮਾਗਮ ਗੁਰੂ ਸਾਹਿਬਾਨ ਦੀ ਪਵਿੱਤਰ ਧਰਤੀ ਨਾਂਦੇੜ ਵਿਖੇ ਸੰਪੂਰਨ ਹੋ ਨਿੱਬੜਿਆ। ਇਸ ਮੌਕੇ 5 ਲੱਖ ਤੋਂ ਵੀ ਵਧੇਰੇ ਸੰਗਤ ਨੇ ਗੁਰੂ ਸਾਹਿਬਾਨ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੇ ਦੂਜੇ ਅਤੇ ਅੰਤਿਮ ਦਿਨ ਜਿੱਥੇ ਪੰਥ ਦੇ ਹਜ਼ੂਰੀ ਰਾਗੀ ਅਤੇ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਹੀ ਸਨਾਤਨ ਮਤ ਨਾਲ ਜੁੜੇ ਅਤੇ ਸੰਤ ਸਮਾਜ ਦੇ ਵੱਡੇ ਆਗੂਆਂ ਨੇ ਵੀ ਇਸ ਮੌਕੇ ਗੁਰੂ ਸਾਹਿਬਾਨ ਦਾ ਗੁਣਗਾਨ ਕੀਤਾ। ਸਮਾਗਮ ਦੇ ਆਖ਼ਿਰ ਵਿੱਚ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉੱਪ ਮੁੱਖ ਮੰਤਰੀ ਅਜੀਤ ਪਵਾਰ, ਆਂਧਰਾ ਪ੍ਰਦੇਸ਼ ਦੇ ਡਿਪਟੀ ਮੁੱਖ ਮੰਤਰੀ ਪਵਨ ਕਲਿਆਣ ਸਣੇ ਸਿਆਸੀ ਅਤੇ ਧਾਰਮਿਕ ਸ਼ਖ਼ਸ਼ੀਅਤਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਇਤਿਹਾਸ 'ਤੇ ਚਾਨਣਾ ਪਾਇਆ ਨਾਲ ਹੀ ਗੁਰੂ ਸਾਹਿਬਾਨ ਨੂੰ ਕੋਟੀ ਕੋਟਿ ਨਮਨ ਕੀਤਾ। ਇਸ ਮੌਕੇ ਇਸ ਮਹਾਂਰਾਸ਼ਟਰ ਸ਼ਤਾਬਦੀ ਸਮਾਗਮਾਂ ਦੇ ਚੇਅਰਮੈਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਸਿਖਿਆਨਾਵਾਂ 'ਤੇ ਪ੍ਰਕਾਸ਼ ਪਾਇਆ ਤੇ ਨਾਲ ਹੀ ਕਿਹਾ ਕਿ ਗੁਰੂ ਤੇਗ ਬਹਾਦੁਰ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਭਾਰਤ ਵਿੱਚ ਇਸਲਾਮ ਤੋਂ ਇਲਾਵਾ ਕੋਈ ਦੂਜਾ ਧਰਮ ਨਹੀਂ ਬਚਣਾ ਸੀ, ਉਨ੍ਹਾਂ ਕਿਹਾ ਕਿ ਜ਼ਾਲਮ ਮੁਗ਼ਲੀਆ ਹੁਕੂਮਤ ਸਾਹਮਣੇ ਸਿਰਫ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੀ ਆਵਾਜ਼ ਬੁਲੰਦ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਔਰੰਗਜ਼ੇਬ ਭਾਰਤ ਵਿਚ ਕਿਸੇ ਦਾ ਵੀ ਧਰਮ ਨਹੀਂ ਬਦਲਵਾ ਸਕਿਆ। ਇਸ ਮੌਕੇ ਉਨ੍ਹਾਂਨੇ ਇਸ ਸਮਾਗਮ ਦੇ ਕਾਮਯਾਬ ਆਯੋਜਨ ਵਿਚ ਸਹਿਯੋਗ ਦੇਣ ਲਈ ਮਹਾਂਰਾਸ਼ਤਰ ਦੇ 3$ ਦੇਵੇਂਦਰ ਫੜਨਵੀਸ ਦਾ ਧੰਨਵਾਦ ਵੀ ਅਦਾ ਕੀਤਾ। ਨਾਲ ਹੀ ਗੁਰੂ ਸਾਹਿਬਾਨ ਦਾ ਇਤਿਹਾਸ ਮਹਾਂਰਾਸ਼ਤਰ ਦੇ ਸਕੂਲੀ ਬੱਚਿਆਂ ਦੇ ਸਿਲੇਬਸ ਵਿਚ ਜੋੜਨ ਲਈ ਵੀ ਉਨ੍ਹਾਂਨੇ ਮੁੱਖ ਮੰਤਰੀ ਫੜਨਵੀਸ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂਨੇ ਕਿਹਾ ਕਿ ਹਰ ਇਕ ਸਨਾਤਨੀ ਦੇ ਘਰ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਤਸਵੀਰ ਜ਼ਰੂਰ ਹੋਣੀ ਚਾਹੀਦੀ ਹੈ। ਇਸ ਮੌਜੇ ਦਿੱਲੀ ਸਰਕਾਰ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਸ ਸਮਾਗਮ ਦੇ ਕਾਮਯਾਬ ਆਯੋਜਨ ਲਈ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂਨੇ ਗੁਰੂ ਸਾਹਿਬਾਨ ਨੂੰ ਸਮਰਪਿਤ ਐਡਾ ਵਡਾ ਸਮਾਗਮ ਕਦੇ ਨਹੀਂ ਵੇਖਿਆ। ਇਸ ਮੌਕੇ ਉਨ੍ਹਾਂ ਗੁਰੂ ਸਾਹਿਬਾਨ ਦੀ ਲਾਸਾਨੀ ਸ਼ਹਾਦਤ ਅਤੇ ਉਨ੍ਹਾਂਦੀਆਂ ਸਿੱਖਿਆਵਾਂ 'ਤੇ ਵੀ ਚਾਨਣਾ ਪਾਇਆ।ਇਸ ਤੋਂ ਬਾਅਦ ਮਹਾਂਰਾਸ਼ਤਰ ਦੇ ਉੱਪ ਮੁੱਖ ਮੰਤਰੀ ਅਜੀਤ ਪਵਾਰ ਨੇ ਇਸ ਸਮਾਗਮ ਲਈ ਜਿਥੇ ਮਹਾਂਰਾਸ਼ਤਰ ਦੇ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ ਉਥੇ ਹੀ ਵੱਖੋ ਵੱਖ ਭਾਈਚਾਰਿਆਂ ਵਲੋਂ ਇਸ ਸਮਾਗਮ ਚ ਸ਼ਿਰਕਤ ਕਰਨ ਲਈ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਨਾਲ ਹੀ ਗੁਰੂ ਸਾਹਿਬਾਨ ਨੂੰ ਨਮਨ ਕੀਤਾ। ਉਧਰ ਆਂਧਰਾ ਪ੍ਰਦੇਸ਼ ਦੇ ਡਿਪਟੀ 3$ ਪਵਨ ਕਲਿਆਣ ਨੇ ਕਿਹਾ ਕਿ ਉਹ ਨਾਂਦੇੜ ਦੀ ਇਸ ਪਾਵਨ ਧਰਤਿ ਤੇ ਮਹਿਮਾਨ ਨਹੀਂ ਬਲਕਿ ਇੱਕ ਸ਼ਰਧਾਲੂ ਵਜੋਂ ਆਏ ਨੇ ਅਤੇ ਗੁਰੂ ਸਾਹਿਬਾਨ ਦੇ ਚਰਨਾਂ ਵਿੱਚ ਕੋਟੀ ਕੋਟਿ ਨਮਨ ਕਰਦੇ ਨੇ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਤੇਗ ਬਹਾਦੁਰ ਜੀ ਨੇ ਉਸ ਧਰਮ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਜੋ ਉਨ੍ਹਾਂਦਾ ਆਪਣਾ ਨਹੀਂ ਸੀ। ਸਮਾਗਮ ਦੇ ਆਖ਼ਿਰ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਮਹਾਂਰਾਸ਼ਤਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਿਹਾ ਕਿ ਇਹ ਗੱਲ ਬਿਲਕੁਲ ਸਹੀ ਹੈ ਕਿ ਜੇਕਰ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਕੁਰਬਾਨੀ ਨਾ ਦਿੱਤੀ ਹੁੰਦੀ ਤਾਂ ਅੱਜ ਅਸੀਂ ਇਸ ਮੰਚ 'ਤੇ ਨਹੀਂ ਹੋਣਾ ਸੀ, ਉਨ੍ਹਾਂਨੇ ਇਸ ਦੌਰਾਨ ਗੁਰੂ ਸਾਹਿਬਾਨ ਦੇ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਵੀ ਜ਼ਿਕਰ ਕੀਤਾ ਤੇ ਨਾਲ ਹੀ ਭਾਈ ਲੱਖੀ ਸ਼ਾਹ ਬੰਜਰਾ ਜੀ ਦੀ ਹਿੰਮਤ ਅਤੇ ਦਲੇਰੀ ਨੂੰ ਵੀ ਨਮਨ ਕੀਤਾ। ਇਸ ਮੌਕੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸਮਾਗਮ ਰਾਹੀਂ ਨਾਨਕ ਨਾਮ ਲੇਵਾ 9 ਭਾਈਚਾਰਿਆਂ ਦਾ ਵੀ ਅਸੀਂ ਧੰਨਵਾਦ ਕਰਦੇ ਹਾਂ ਕਿਉਂਕਿ ਇਹ ਸਾਰੇ ਸਮਾਜ ਹਿੰਦੂਆਂ ਤੇ ਸਿੱਖਾਂ ਵਿੱਚ ਏਕਤਾ ਦਾ ਪ੍ਰਤੀਕ ਨੇ। ਉਨ੍ਹਾਂ ਨੇ ਇਹ ਜਾਣਕਾਰੀ ਵੀ ਦਿੱਤੀ ਕਿ ਮਹਾਂਰਾਸ਼ਤਰ ਸਰਕਾਰ ਆਪਣੇ ਸਕੂਲੀ ਸਿਲੇਬਸ ਵਿਚ ਵੀ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਸ਼ਾਮਿਲ ਕਰ ਰਹੀ ਹੈ ਤੇ ਅੱਗੇ ਵੀ ਗੁਰੂ ਸਾਹਿਬਾਨ ਨੂੰ ਸਮਰਪਿਤ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ।ਕੁੱਲ ਮਿਲਾਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਅਤੇ ਮਹਾਂਰਾਸ਼ਟਰ ਸਰਕਾਰ ਵਲੋਂ ਕਰਵਾਇਆ ਗਿਆ ਇਹ ਸਮਾਗਮ ਬੇਹਦ ਕਾਮਯਾਬੀ ਨਾਲ ਸੰਪੂਰਨ ਹੋਇਆ ਤੇ ਸੰਗਤਾਂ ਦੇ ਹੜ੍ਹ ਨੇ ਨਾ ਸਿਰਫ ਗੁਰੂ ਸਾਹਿਬਾਨ ਦੇ ਜੀਵਨ ਅਤੇ ਸ਼ਹਾਦਤ ਬਾਰੇ ਜਾਣਕਾਰੀ ਹਾਸਿਲ ਕੀਤੀ ਸਗੋਂ ਸਿੱਖ ਫਲਸਫੇ ਦੇ ਮਹਾਨ ਰੂਪ ਦੇ ਵੀ ਦਰਸ਼ਨ ਕੀਤੇ ਜਿਸਦੇ ਤਹਿਤ ਗੁਰੂ ਨਾਨਕ ਸਾਹਿਬ ਦਾ ਅਟੁੱਟ ਲੰਗਰ ਰੂਪੀ ਪ੍ਰਸ਼ਾਦ ਵੀ ਸ਼ਰਧਾਲੂਆਂ ਨੇ ਗ੍ਰਹਿਣ ਕੀਤਾ ਅਤੇ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸਮਾਗਮ ਸਥਾਨ ਤੇ ਕੀਤੇ ਗਤਕੇ ਦੇ ਪ੍ਰਦਰਸ਼ਨ ਨੇ ਵੀ ਸੰਗਤਾਂ ਨੂੰ ਖਾਲਸਾਈ ਜਾਹੋ ਜਲਾਲ ਦੇ ਅਲੌਕਿਨ ਦਰਸ਼ਨ ਕਰਵਾਏ।

### ਐਸ.ਆਈ.ਆਰ.

# ਚੋਣ ਕਮਿਸ਼ਨ ਵਲੋਂ 1.25 ਕਰੋੜ ਵੋਟਰਾਂ ਦੀ ਸੂਚੀ ਅਪਲੋਡ

## ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਜਾਰੀ ਕੀਤੀ ਸੂਚੀ




ਨਵੀਂ ਦਿੱਲੀ, 25 ਜਨਵਰੀ (ਪ੍ਰਤੀਨਿਧੀ) : ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਪੱਛਮੀ ਬੰਗਾਲ ਵਿੱਚ 'ਲੌਜੀਕਲ ਗਲਤੀਆਂ' ਵਾਲੇ 1.25 ਕਰੋੜ ਵੋਟਰਾਂ ਦੇ ਨਾਵਾ ਦੀ ਸੂਚੀ ਅਪਲੋਡ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਸ਼ਨਿਚਰਵਾਰ ਤੱਕ ਇਹ ਸੂਚੀ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਇਹ ਸੂਚੀਆਂ ਗ੍ਰਾਮ ਪੰਚਾਇਤ ਭਵਨਾਂ, ਬਲਾਕ ਦਫ਼ਤਰਾਂ ਅਤੇ ਵਾਰਡ ਦਫ਼ਤਰਾਂ ਵਿੱਚ ਪ੍ਰਕਾਸ਼ਿਤ ਕਰਨ ਦੇ ਹੁਕਮ ਦਿੱਤੇ ਗਏ ਹਨ। ਚੋਣ ਕਮਿਸ਼ਨ ਨੇ 2002 ਦੀ ਵੋਟਰ ਸੂਚੀ ਨਾਲ ਮਿਲਾਨ ਦੌਰਾਨ ਕਈ ਤਰੁੱਟੀਆਂ ਪਾਈਆਂ ਸਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਮਾਪਿਆਂ ਦੇ ਨਾਮ ਵਿੱਚ ਫਰਕ, ਵੋਟਰ ਅਤੇ ਉਸ ਦੇ ਮਾਪਿਆਂ ਦੀ ਉਮਰ ਵਿੱਚ ਅੰਤਰ, 15 ਸਾਲ ਤੋਂ ਘੱਟ ਜਾਂ 50 ਸਾਲ ਤੋਂ ਵੱਧ ਹੋਣਾ ਅਤੇ ਦਾਦਾ-ਦਾਦੀ ਦੀ ਉਮਰ ਦੇ ਵੇਰਵਿਆਂ ਵਿੱਚ ਮੇਲ ਨਾ ਖਾਣਾ ਆਦਿ ਸ਼ਾਮਲ ਸੀ।ਅਦਾਲਤ ਨੇ ਕਿਹਾ ਸੀ ਕਿ ਜਿਨ੍ਹਾਂ ਲੋਕਾਂ 'ਤੇ ਇਸਦਾ ਅਸਰ ਪੈ ਰਿਹਾ ਹੈ, ਉਨ੍ਹਾਂ ਨੂੰ ਆਪਣੇ ਦਸਤਾਵੇਜ਼ ਪੇਸ਼ ਕਰਨ ਜਾਂ ਇਤਰਾਜ਼ ਦਰਜ ਕਰਵਾਉਣ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ।ਟੀਐਮਸੀ ਦੇ ਸੰਸਦ ਮੈਂਬਰਾਂ ਡੈਰੇਕ ਓ ਬ੍ਰਾਇਨ ਅਤੇ ਡੋਲਾ ਸੇਨ ਨੇ ਦੋਸ਼ ਲਾਇਆ ਸੀ ਕਿ ਚੋਣ ਕਮਿਸ਼ਨ ਬਿਨਾਂ ਕਿਸੇ ਲਿਖਤੀ ਦਿਸ਼ਾ-ਨਿਰਦੇਸ਼ ਦੇ ਵਟਸਐਪ ਰਾਹੀਂ ਨੋਟਿਸ ਭੇਜ ਰਿਹਾ ਹੈ।ਇਸ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਚੀਫ਼ ਜਸਟਿਸ ਨੇ ਕਿਹਾ, ਸਭ ਕੁਝ ਵਟਸਐਪ ਰਾਹੀਂ ਚਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਅਧਿਕਾਰਤ ਸਰਕੂਲਰ ਜਾਰੀ ਕੀਤੇ ਜਾਣੇ ਚਾਹੀਦੇ ਹਨ।ਅਦਾਲਤ ਨੇ ਕਿਹਾ ਕਿ ਇਕ ਕਰੋੜ ਤੋਂ ਵੱਧ ਲੋਕ ਪ੍ਰੇਸ਼ਾਨ ਹਨ, ਉਨ੍ਹਾਂ ਦੇ ਮਾਨਸਿਕ ਤਣਾਅ ਨੂੰ ਸਮਝਣ ਦੀ ਲੋੜ ਹੈ। ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਚੋਣ ਕਮਿਸ਼ਨ ਨੂੰ ਲੋੜੀਂਦਾ ਸਟਾਫ਼ ਮੁਹੱਈਆ ਕਰਵਾਏ ਤਾਂ ਜੋ ਪੰਚਾਇਤ ਅਤੇ ਬਲਾਕ ਪੱਧਰ 'ਤੇ ਦਸਤਾਵੇਜ਼ਾਂ ਦੀ ਜਾਂਚ ਸੁਚਾਰੂ ਢੰਗ ਨਾਲ ਹੋ ਸਕੇ।

# ਕਿਸਾਨ ਮਜ਼ਦੂਰ ਮੋਰਚਾ ਭਾਰਤ ਦੀ ਮੀਟਿੰਗ ਜੈਪੁਰ ਵਿੱਚ ਆਯੋਜਿਤ

## ਬਿਜਲੀ ਸੋਧ ਬਿੱਲ 2025 ਕਾਨੂੰਨ ਦਾ ਵਿਰੋਧ, ਪਾਰਲੀਮੈਂਟ ਵਿੱਚ ਪੇਸ਼ ਹੋਣ ਦੇ ਤੀਸਰੇ ਦਿਨ ਭਾਜਪਾ ਦਫ਼ਤਰਾਂ 'ਤੇ ਕਾਪੀਆਂ ਸਾੜੀਆਂ ਜਾਣਗੀਆਂ



ਜੈਪੁਰ, 25 ਜਨਵਰੀ (ਪ੍ਰਤੀਨਿਧੀ) : ਕਿਸਾਨ ਮਜ਼ਦੂਰ ਮੋਰਚਾ ਭਾਰਤ ਦੀ ਮੀਟਿੰਗ ਮਹਾਵੀਰ ਗੁੱਜਰ ਰਾਜਸਥਾਨ ਕਿਸਾਨ ਮਜ਼ਦੂਰ ਨੌਜਵਾਨ ਸਭਾ ਰਣਜੀਤ ਸਿੰਘ ਗ੍ਰਾਮੀਣ ਕਿਸਾਨ ਮਜ਼ਦੂਰ ਸਭਾ ਪਰਮਜੀਤ ਸਿੰਘ ਰਾਸ਼ਟਰੀ ਕਿਸਾਨ ਸਭਾ ਮੱਧਪ੍ਰਦੇਸ਼ ਪੀ ਟੀ ਜੌਹਨ ਆਰਗੈਨਿਕ ਨੇਚੂਰਲ ਫਾਰਮਰ ਯੂਨੀਅਨ ਕੇਰਲਾ ਅਮਿਤ ਖਰਾੜੀ ਆਦਿਵਾਸੀ ਪਰਿਵਾਰ ਸਮਿਤੀ ਦੇ ਪ੍ਰਧਾਨਗੀ ਮੰਡਲ ਦੇ ਹੇਠ ਜੈਪੁਰ ਦੇ ਵਿੱਚ ਆਯੋਜਿਤ ਕੀਤੀ ਗਈ। ਜਿਸ ਵਿੱਚ ਦੇਸ਼ ਭਰ ਦੇ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਉਪਰੋਕਤ ਮੀਟਿੰਗ ਦਿੱਲੀ ਮੋਰਚੇ ਦੇ ਸ਼ਹੀਦ ਨਵਰੀਤ ਸਿੰਘ ਡਿਬਡਿਬਾ ਨੂੰ ਸ਼ਰਧਾਂਜਲੀ ਦੇਣ ਉਪਰੰਤ ਸ਼ੁਰੂ ਕੀਤੀ ਗਈ, ਜਿਸ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਪੂਰੇ ਦੇਸ਼ ਵਿੱਚ ਕਾਰਪੋਰੇਟ ਨੂੰ ਸਥਾਪਿਤ ਕਰਨਾ ਅਤੇ ਕਿਸਾਨ ਮਜ਼ਦੂਰ ਆਦਿਵਾਸੀ ਖਿੱਤਿਆਂ ਨੂੰ ਖ਼ਤਮ ਕਰਨ ਦੇ ਵਿਸ਼ੇ 'ਤੇ ਗੰਭੀਰ ਚਿੰਤਨ ਕੀਤਾ ਗਿਆ। ਦੇਸ਼ ਭਰ ਦੀਆਂ ਜਥੇਬੰਦੀਆਂ ਕੇ ਐਮ ਐਮ ਵੱਲੋਂ ਬਿਜਲੀ ਸੋਧ ਬਿੱਲ 2025 ਕਾਨੂੰਨ ਦਾ ਵਿਰੋਧ ਕਰਦਿਆਂ ਇਸ ਦੇ ਪਾਰਲੀਮੈਂਟ ਵਿੱਚ ਪੇਸ਼ ਹੋਣ ਦੇ ਤੀਸਰੇ ਦਿਨ ਭਾਜਪਾ ਦਫ਼ਤਰਾਂ ਤੇ ਕਾਪੀਆਂ ਸਾੜੀਆਂ ਜਾਣਗੀਆਂ, ਦਾ ਐਲਾਨ ਕੀਤਾ ਗਿਆ ਅਤੇ ਸ਼ਹੀਦ ਸੁਭਕਰਨ ਦਾ ਸ਼ਹੀਦੀ ਦਿਹਾੜਾ ਦੇਸ਼ ਪੱਧਰੀ 21 ਫਰਵਰੀ ਨੂੰ ਮਨਾਇਆ ਜਾਵੇਗਾ। ਸੀਡ ਬਿੱਲ 2025 ਨੂੰ ਗੰਭੀਰ ਲੈਂਦਿਆਂ ਅੱਜ ਦੇ ਹਾਊਸ ਵੱਲੋਂ ਇਸ ਨੂੰ ਖੇਤੀ ਰਿਸਰਚ ਅਤੇ ਬੁਨਿਆਦੀ ਬੀਜਾਂ ਦਾ ਖਾਤਮਾ ਦੱਸਦਿਆਂ ਇਸ ਦਾ ਸਖ਼ਤ ਵਿਰੋਧ ਕਰਦਿਆਂ ਇਸ ਤੇ ਸਖ਼ਤ ਫ਼ੈਸਲੇ ਕੀਤੇ ਗਏ। ਮਨਰੇਗਾ ਸਕੀਮ ਨੂੰ ਖ਼ਤਮ ਕਰਦਿਆਂ ਕੇਂਦਰ ਸਰਕਾਰ ਵੱਲੋ ਵਿਕਸਿਤ ਭਾਰਤ ਜੀ ਗਰਾਮ ਯੋਜਨਾ ਨੂੰ ਲਿਆਉਣਾ ਕੇਵਲ ਇਕ ਛਲ ਦੱਸਦਿਆਂ ਮਜ਼ਦੂਰਾਂ ਦੇ ਉੱਪਰ ਵੱਡਾ ਹਮਲਾ ਦੱਸਦਿਆਂ ਇਸ ਦਾ ਵਿਰੋਧ ਕਰਦਿਆਂ ਆਉਣ ਵਾਲੇ ਦਿਨਾਂ ਵਿੱਚ ਦੇਸ਼ ਪੱਧਰੀ ਵਿਰੋਧ ਦੇ ਐਕਸ਼ਨਾਂ ਸੰਬੰਧੀ ਗੱਲਬਾਤ ਤਹਿ ਕੀਤੀ ਗਈ ਆਦਿਵਾਸੀ ਪਰਿਵਾਰ ਸਮਿਤੀ ਵੱਲੋਂ ਆਦਿਵਾਸੀ ਇਲਾਕਿਆਂ ਨਾਲ ਕੀਤੇ ਜਾਂਦੇ ਵਿਵਹਾਰ ਨੂੰ ਅਣਮਨੁੱਖੀ ਘੋਸ਼ਿਤ ਕਰਦਿਆਂ ਦੇਸ਼ ਦੇ ਆਦਿਵਾਸੀ ਪਰਿਵਾਰਾਂ ਨੂੰ ਬੁਨਿਆਦੀ ਹੱਕਾਂ ਦੀ ਪੂਰਤੀ ਦੀ ਜੰਗ ਲਈ ਤਹਿ ਸ਼ੁਦਾ ਯੋਜਨਾਵਾਂ ਨੂੰ ਲਾਗੂ ਕਰਨ ਲਈ ਜ਼ੋਰ ਦਿੱਤਾ ਗਿਆ।

ਦੇਸ਼ ਭਰ ਵਿੱਚ ਖੇਤੀ ਯੋਗ ਜਮੀਨਾਂ ਨੂੰ ਜ਼ਬਰਦਸਤੀ ਐਕਵਾਇਰ ਕਰਨਾ, ਆਦਿਵਾਸੀ ਇਲਾਕਿਆਂ ਵਿੱਚ ਬਿਨਾਂ ਇਤਲਾਹ ਜ਼ਮੀਨਾਂ ਨੂੰ ਹਥਿਆਉਣਾ, ਤਾਮਿਲਨਾਡੂ ਵਿੱਚ ਮਛੇਰਿਆਂ ਦੇ ਜਮਾਤੀ ਕਾਰੋਬਾਰ ਨੂੰ ਕਾਰਪੋਰੇਟ ਦੇ ਕਬਜ਼ੇ ਹੇਠ ਆਉਣਾ, ਐਗਰੋ ਬਿਜ਼ਨਸ ਦੇ ਨਾਮ ਹੇਠ ਕਾਰਪੋਰੇਟ ਦੀ ਸਥਾਪਨਾ ਕਰਨਾ, ਰਾਜਸਥਾਨ ਦੇ ਭੀਲਵਾੜਾ ਆਦਿਵਾਸੀ ਇਲਾਕਿਆਂ ਵਿੱਚ ਪੱਥਰ ਖਣਨ ਦੀ ਪ੍ਰੀਕਿਰਿਆ ਤੇ ਕਾਰਪੋਰੇਟ ਦਾ ਕਬਜ਼ਾ, ਕੇਰਲਾ ਵਿੱਚ ਜ਼ਮੀਨਾਂ ਦੇ ਹਥਿਆਉਣ ਸਬੰਧੀ ਜੰਗਲੀ ਜੀਵਾਂ ਵੱਲੋਂ ਹੋ ਰਹੀਆਂ ਮਨੁੱਖੀ ਹੱਤਿਆਵਾਂ ਸੰਬੰਧੀ, ਜੰਮੂ ਕਸ਼ਮੀਰ ਦੇ ਕਬੀਲਿਆਂ ਉੱਪਰ ਜਾਤੀ ਆਧਾਰਿਤ ਭਾਸ਼ਾ ਆਧਾਰਿਤ ਕੀਤੇ ਜਾ ਰਹੇ ਹਮਲੇ ਕਸ਼ਮੀਰ ਦੇ ਮੁੱਖ ਕਿੱਤਾ ਫ਼ਲ ਖੇਤੀ ਨੂੰ ਖ਼ਤਮ ਕਰਨਾ, ਅਰਾਵਲੀ ਪਰਬਤ ਨੂੰ ਬਚਾਉਣ ਦੇ ਮਤੇ, ਸਰਕਾਰ ਵੱਲੋਂ ਜਾਰੀ ਦੋਸ਼ਪੂਰਨ ਫ਼ਸਲੀ ਬੀਮਾ ਯੋਜਨਾ, ਤਾਮਿਲਨਾਡੂ ਦੇ ਨਾਰੀਅਲ ਖੇਤਰ ਦੇ ਉਤਪਾਦਨ ਤੇ ਪਾਬੰਦੀ ਦੇ ਖਿਲਾਫ ਮਤੇ ਪਾਏ।ਅੱਜ ਦੀ ਇਸ ਮੀਟਿੰਗ ਦੇ ਵਿੱਚ ਕੇਂਦਰ ਸਰਕਾਰ ਵੱਲੋਂ ਲਗਾਤਾਰ ਕਿਸਾਨਾਂ ਮਜ਼ਦੂਰਾਂ ਆਦਿਵਾਸੀ ਕਬੀਲਿਆਂ, ਦੇਸ਼ ਦੀ ਜਮੀਨ,ਜੰਗਲ,ਪਾਣੀ ਵਰਗੇ ਗੰਭੀਰ ਵਿਸ਼ਿਆਂ ਤੇ ਚਰਚਾ ਕੀਤੀ ਗਈ। ਇਸ ਮੌਕੇ ਤੇ ਐਮਐਮ ਦੀ ਕੋਆਰਡੀਨੇਟਰ ਸਰਵਨ ਸਿੰਘ ਪੰਧੇਰ, ਜਸਵਿੰਦਰ ਸਿੰਘ ਲੋਂਗੋਵਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ,ਮਨਜੀਤ ਸਿੰਘ ਰਾਏ ਭਾਰਤੀ ਕਿਸਾਨ ਯੂਨੀਅਨ ਦੁਆਬਾ, ਅਮਰਜੀਤ ਸਿੰਘ ਮੋਹੜੀ ਭਾਰਤੀ ਕਿਸਾਨ ਯੂਨੀਅਨ ਸ਼ਹੀਦ ਭਗਤ ਸਿੰਘ ਹਰਿਆਣਾ,ਰੇਖਾ ਸ਼ਰਮਾ ਮੁਖੀ ਔਰਤ ਵਿੰਗ ਰਾਜ ਸਭਾ ਜੈਪੁਰ ਯੂਨੀਵਰਸਿਟੀ ਦੇ ਸਕਾਲਰ ਵੱਲੋ ਭਾਗ ਲਿਆ ਗਿਆ।

# 'ਵੰਦੇ ਮਾਤਰਮ' ਤੋਂ 'ਆਤਮਨਿਰਭਰ ਭਾਰਤ' ਤੱਕ: ਜਾਣੋ 77ਵਾਂ ਗਣਤੰਤਰ ਦਿਵਸ ਕਿਉਂ ਹੈ ਖ਼ਾਸ ?

## ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ 150 ਸਾਲ ਹੋਏ ਪੂਰੇ



ਨਵੀਂ ਦਿੱਲੀ , 25 ਜਨਵਰੀ (ਪ੍ਰਤੀਨਿਧੀ) : ਭਾਰਤ ਦਾ 77ਵਾਂ ਗਣਤੰਤਰ ਦਿਵਸ ਸਿਰਫ਼ ਇੱਕ ਰਾਸ਼ਟਰੀ ਸਮਾਗਮ ਨਹੀਂ, ਸਗੋਂ ਦੇਸ਼ ਦੀ ਇਤਿਹਾਸਕ ਯਾਤਰਾ ਅਤੇ ਭਵਿੱਖ ਦੀ ਦ੍ਰਿਸ਼ਟੀ ਦਾ ਪ੍ਰਤੀਕ ਹੈ। ਇਸ ਸਾਲ ਗਣਤੰਤਰ ਦਿਵਸ 2026 ਕਰਤੱਵਯ ਪੱਥ 'ਤੇ ਸ਼ਾਨ ਨਾਲ ਮਨਾਇਆ ਜਾ ਰਿਹਾ ਹੈ, ਕਿਉਂਕਿ ਇਸ ਵਾਰ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ 150 ਸਾਲ ਵੀ ਪੂਰੇ ਹੋ ਰਹੇ ਹਨ। ਇਹ ਸਮਾਗਮ ਭਾਰਤ ਦੀ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਆਤਮਨਿਰਭਰਤਾ ਦੇ ਸਫ਼ਰ ਨੂੰ ਦਰਸਾਉਂਦਾ ਹੈ। ਇਸ ਵਾਰ ਦੀ ਪਰੇਡ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਨੂੰ ਸਮਰਪਿਤ ਖ਼ਾਸ ਸ਼ਰਧਾਂਜਲੀ ਵੀ ਦਿੱਤੀ ਜਾਵੇਗੀ, ਜੋ ਦੇਸ਼ਭਗਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗੀ। 'ਵੰਦੇ ਮਾਤਰਮ' ਦੀ ਰਚਨਾ 1875 ਵਿੱਚ ਬੰਕਿਮਚੰਦਰ ਚੱਟੋਪਾਧਿਆਏ ਨੇ ਕੀਤੀ ਸੀ ਅਤੇ ਇਹ 1905 ਦੇ ਸਵਦੇਸ਼ੀ ਅੰਦੋਲਨ ਦੌਰਾਨ ਬ੍ਰਿਟਿਸ਼ ਰਾਜ ਖ਼ਿਲਾਫ਼ ਸੰਘਰਸ਼ ਦੀ ਆਵਾਜ਼ ਬਣਿਆ। ਇਹ ਸਭ ਤੋਂ ਪਹਿਲਾਂ 1882 ਵਿੱਚ ਨਾਵਲ 'ਆਨੰਦਮਠ' ਵਿੱਚ ਪ੍ਰਕਾਸ਼ਿਤ ਹੋਇਆ। ਰਾਬਿੰਦਰਨਾਥ ਟੈਗੋਰ ਨੇ ਇਸ ਨੂੰ ਪਹਿਲੀ ਵਾਰ 1896 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਸੈਸ਼ਨ ਦੌਰਾਨ ਗਾਇਆ। ਇਸ ਗੀਤ ਨੇ ਦੇਸ਼ ਨੂੰ ਮਾਂ ਦੇ ਰੂਪ ਵਿੱਚ ਪੇਸ਼ ਕਰਕੇ ਕੁਰਬਾਨੀ ਅਤੇ ਦੇਸ਼ਭਗਤੀ ਦੀ ਭਾਵਨਾ ਜਗਾਈ। 24 ਜਨਵਰੀ 1950 ਨੂੰ ਸੰਵਿਧਾਨ ਸਭਾ ਵੱਲੋਂ ਇਸ ਨੂੰ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਸਾਲ ਸੱਭਿਆਚਾਰ ਮੰਤਰਾਲੇ ਦੀ ਝਾਕੀ ਵਿੱਚ 'ਵੰਦੇ ਮਾਤਰਮ' ਦੇ ਮੂਲ ਹੱਥੀਂ ਲਿਖਤ ਤੋਂ ਲੈ ਕੇ ਇਸ ਦੀ ਇਤਿਹਾਸਕ ਯਾਤਰਾ ਦਿਖਾਈ ਜਾਵੇਗੀ।

77ਵੇਂ ਗਣਤੰਤਰ ਦਿਵਸ ਦੀ ਖਾਸੀਅਤ

ਗਣਤੰਤਰ ਦਿਵਸ 2026 ਦਾ ਦੂਜਾ ਕੇਂਦਰੀ ਵਿਸ਼ਾ ਹੈ 'ਆਤਮਨਿਰਭਰ ਭਾਰਤ'। ਸਰਕਾਰ ਵੱਲੋਂ 'ਸੁਤੰਤਰਤਾ ਦਾ ਮੰਤਰ: ਵੰਦੇ ਮਾਤਰਮ' ਅਤੇ 'ਸਮ੍ਰਿੱਧੀ ਦਾ ਮੰਤਰ: ਆਤਮਨਿਰਭਰ ਭਾਰਤ' ਨੂੰ ਇਕੱਠੇ ਜੋੜ ਕੇ ਸੁਨੇਹਾ ਦਿੱਤਾ ਜਾ ਰਿਹਾ ਹੈ। ਸੁਨੇਹੇ ਵਿੱਚ ਦੱਸਿਆ ਗਿਆ ਹੈ ਕਿ ਆਧੁਨਿਕ ਆਤਮਨਿਰਭਰਤਾ ਹੀ ਆਜ਼ਾਦੀ ਦੀ ਲੜਾਈ ਦਾ ਅਗਲਾ ਪੜਾਅ ਹੈ।

ਆਧੁਨਿਕ ਭਾਰਤ ਵੱਲ ਵੱਡਾ ਕਦਮ

ਅੱਜ ਦਾ ਭਾਰਤ ਸਿਰਫ਼ ਮੰਗਣ ਵਾਲਾ ਨਹੀਂ, ਸਗੋਂ ਦੁਨੀਆ ਨੂੰ ਦੇਣ ਵਾਲਾ ਦੇਸ਼ ਬਣ ਚੁੱਕਾ ਹੈ। ਬ੍ਰਹਮੋਸ ਮਿਜ਼ਾਈਲਾਂ, ਤੇਜਸ ਲੜਾਕੂ ਜਹਾਜ਼, ਡਿਜੀਟਲ ਭੁਗਤਾਨ ਪ੍ਰਣਾਲੀ "♦9 ਅਤੇ ਟੀਕਿਆਂ ਵਿੱਚ ਵਿਸ਼ਵ ਪੱਧਰੀ ਅਗਵਾਈ ਇਸ ਦੀ ਮਿਸਾਲ ਹਨ। 2026 ਤੱਕ 'ਮੇਡ ਇਨ ਇੰਡੀਆ' ਸੈਮੀਕੰਡਕਟਰ ਚਿੱਪਾਂ ਦਾ ਵਿਸ਼ਵ ਸਪਲਾਈ ਚੇਨ ਵਿੱਚ ਸ਼ਾਮਲ ਹੋਣਾ ਇਸ ਯਾਤਰਾ ਦਾ ਵੱਡਾ ਕਦਮ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2020 ਵਿੱਚ ਆਤਮਨਿਰਭਰ ਭਾਰਤ ਦੇ ਪੰਜ ਥੰਮ ਐਲਾਨੇ ਗਏ ਸਨ ਜਿਨ੍ਹਾਂ ਵਿੱਚ ਅਰਥਵਿਵਸਥਾ, ਬੁਨਿਆਦੀ ਢਾਂਚਾ, ਪ੍ਰਣਾਲੀ, ਜੋਸ਼ੀਲੀ (ਜਵਾਨ) ਆਬਾਦੀ ਅਤੇ ਮੰਗ ਸ਼ਾਮਲ ਹਨ। ਤਕਨੀਕੀ ਭਾਸ਼ਾ ਵਿੱਚ ਕਹੀਏ ਤਾਂ ਸੰਵਿਧਾਨ ਉਹ ਸਾਫਟਵੇਅਰ ਹੈ ਜੋ ਭਾਰਤ ਦੀ ਵਿਭਿੰਨਤਾ ਵਾਲੀ ਹਾਰਡਵੇਅਰ ਨੂੰ ਚਲਾਉਂਦਾ ਹੈ। ਇਸੇ ਲਈ 77ਵਾਂ ਗਣਤੰਤਰ ਦਿਵਸ ਬੀਤੇ ਦੀ ਸ਼ਾਨ ਅਤੇ ਭਵਿੱਖ ਦੀ ਤਾਕਤ, ਦੋਵਾਂ ਦਾ ਮੇਲ ਹੈ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

# ਪੜ੍ਹਾਈ ’ਤੇ ਮੋਬਾਈਲ ਫੋਨ ਦਾ ਪ੍ਰਭਾਵ



ਜੇ ਪੈਸੇ ਤੋਂ ਤੁਹਾਨੂੰ ਪ੍ਰਸੰਨਤਾ ਨਹੀਂ ਮਿਲ ਰਹੀ ਤਾਂ ਸਪੱਸ਼ਟ ਹੈ ਕਿ ਤੁਸੀਂ ਇਸ ਨੂੰ ਠੀਕ ਢੰਗ ਨਾਲ ਖਰਚ ਨਹੀਂ ਰਹੇ।ਪੈਸੇ ਅਤੇ ਪ੍ਰਸੰਨਤਾ ਵਿਚਲਾ ਸਬੰਧ ਭਾਵੇਂ ਕਮਜ਼ੋਰ ਅਤੇ ਆਰਜ਼ੀ ਹੈ ਪਰ ਇਸ ਦੇ ਬਾਵਜੂਦ ਪ੍ਰਸੰਨਤਾ ਲਈ ਪੈਸਾ ਬੜਾ ਜ਼ਰੂਰੀ ਹੈ। ਇਹ ਸਬੰਧ ਕਮਜ਼ੋਰ ਹੋਣ ਦਾ ਕਾਰਨ ਇਹ ਹੈ ਕਿ ਅਕਸਰ ਪੈਸੇ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਠੀਕ ਨਹੀਂ ਹੁੰਦਾ ਅਤੇ ਪ੍ਰਸੰਨਤਾ ਬਾਰੇ ਸਾਡੀ ਸਮਝ ਸਪੱਸ਼ਟ ਨਹੀਂ ਹੁੰਦੀ।ਪੈਸੇ ਬਿਨਾਂ ਜੀਵਨ ਅਧੂਰਾ ਹੈ।ਪੈਸੇ ਬਿਨਾਂ ਪ੍ਰਸੰਨਤਾ ਅਸੰਭਵ ਹੈ।ਸਭ ਤੋਂ ਵੱਡੀ ਪ੍ਰਸੰਨਤਾ ਪੈਸਾ ਕੋਲ ਹੋਣ ਦੀ ਹੁੰਦੀ ਹੈ। ਬਹੁਤੇ ਲੋਕਾਂ ਦੀ ਆਮਦਨ ਦਾ ਵੱਡਾ ਹਿੱਸਾ ਮੁੱਢਲੇ ਅਤੇ ਨਾ ਟਾਲੇ ਜਾ ਸਕਣ ਵਾਲੇ ਖਰਚਿਆਂ ਦੀ ਭੇਟ ਚੜ੍ਹਦਾ ਹੈ, ਸੋ ਪ੍ਰਸੰਨਤਾ ਨੂੰ ਸੰਭਵ ਬਣਾਉਣ ਲਈ ਬਹੁਤਾ ਪੈਸਾ ਬਚਦਾ ਹੀ ਨਹੀਂ।ਆਮਦਨ ਜਾਂ ਪੈਸਾ ਵਧਣ ਨਾਲ ਜੀਵਨ ਸੁਖਾਲਾ ਨਹੀਂ ਸਗੋਂ ਗੁੰਝਲਦਾਰ ਹੋ ਜਾਂਦਾ ਹੈ।ਸੁੱਖ ਵਧ ਜਾਂਦੇ ਹਨ ਪਰ ਸ਼ਾਂਤੀ ਘਟ ਜਾਂਦੀ ਹੈ, ਭੋਜਨ ਵਧ ਜਾਂਦਾ ਹੈ ਪਰ ਪੇਟ ਅਕਸਰ ਖਰਾਬ ਰਹਿੰਦਾ ਹੈ, ਹਰ ਚੀਜ਼ ਖਰੀਦਣ ਦੀ ਸਮਰੱਥਾ ਵਧ ਜਾਂਦੀ ਹੈ ਪਰ ਸਿਹਤ ਦੀਆਂ ਸਮੱਸਿਆਵਾਂ ਸਿਰ ਚੁੱਕਣ ਲੱਗ ਪੈਂਦੀਆਂ ਹਨ। ਖਾਣ ਲਈ ਸਭ ਕੁਝ ਹੁੰਦਾ ਹੈ ਪਰ ਡਾਕਟਰ ਕਹਿੰਦਾ ਹੈ, ਕੁਝ ਨਹੀਂ ਖਾਣਾ।ਪੈਸੇ ਨਾਲ ਲੋੜਵੰਦ ਭੈਣਾਂ-ਭਰਾਵਾਂ ਦੀ ਮਦਦ ਦੇ ਮੌਕੇ ਵਧ ਜਾਂਦੇ ਹਨ ਪਰ ਗਲਤਫ਼ਹਿਮੀਆਂ ਉਪਜ ਪੈਂਦੀਆਂ ਹਨ।ਪੈਸੇ ਦੇ ਜ਼ੋਰ ਨਾਲ ਹੋਰਾਂ ਨਾਲੋਂ ਨਿਆਰੇ ਅਤੇ ਪ੍ਰਸੰਨ ਹੋਣ ਦੇ ਯਤਨ ਵਿੱਚ ਲੋਕ ਆਪਣੇ ਸਾਕਾਂ-ਸਬੰਧੀਆਂ ਤੋਂ ਟੁੱਟ ਜਾਂਦੇ ਹਨ। ਨਿਰਸੰਦੇਹ ਪੈਸੇ ਨਾਲ ਪ੍ਰਸੰਨਤਾ ਮਿਲਦੀ ਹੈ ਪਰ ਆਸ ਨਾਲੋਂ ਘੱਟ। ਪੈਸਾ, ਮਨੁੱਖ ਨੂੰ ਮਨਮਰਜ਼ੀ ਕਰਨ ਦੀ ਸੁਤੰਤਰਤਾ ਅਤੇ ਆਪਣੇ ਸ਼ੌਕ ਅਤੇ ਇੱਛਾਵਾਂ ਪੂਰੀਆਂ ਕਰਕੇ ਪ੍ਰਸੰਨ ਹੋਣ ਦੀ ਖੁੱਲ੍ਹ ਦਿੰਦਾ ਹੈ ਪਰ ਪੈਸਾ ਖਰਚ ਕੇ ਹਰ ਵੇਲੇ ਪ੍ਰਸੰਨ ਨਹੀਂ ਹੋਇਆ ਜਾ ਸਕਦਾ।ਹਰ ਕੋਈ ਸੋਚਦਾ ਹੈ ਕਿ ਵਧੇਰੇ ਪੈਸਿਆਂ ਨਾਲ ਵਧੇਰੇ ਪ੍ਰਸੰਨਤਾ ਮਿਲੇਗੀ ਪਰ ਇਉਂ ਹੁੰਦਾ ਨਹੀਂ ਕਿਉਂਕਿ ਪੈਸੇ ਅਤੇ ਪ੍ਰਸੰਨਤਾ ਦਾ ਸਬੰਧ ਸਿੱਧਾ ਨਹੀਂ।ਇਹ ਕਹਿਣਾ ਵੀ ਯੋਗ ਨਹੀਂ ਹੈ ਕਿ ਪ੍ਰਸੰਨ ਕਰਨ ਵਾਲੀਆਂ ਚੀਜ਼ਾਂ ਕਿਧਰੇ ਮਿਲਦੀਆਂ ਨਹੀਂ ਪਰ ਪ੍ਰਸੰਨਤਾ ਚੀਜ਼ਾਂ ਵਿੱਚੋਂ ਨਹੀਂ, ਉਨ੍ਹਾਂ ਦੀ ਲਾਭਕਾਰੀ ਵਰਤੋਂ ਵਿੱਚੋਂ ਮਿਲਦੀ ਹੈ।ਸੋ ਪ੍ਰਸੰਨਤਾ ਪੈਸੇ ਵਿੱਚੋਂ ਨਹੀਂ, ਪੈਸੇ ਦੀ ਸਹੀ ਵਰਤੋਂ ਵਿੱਚੋਂ ਮਿਲਦੀ ਹੈ।ਉਦਾਹਰਨ ਵਜੋਂ ਪੈਸਾ ਮਨੁੱਖ ਨੂੰ ਲੰਮੇਰਾ ਅਤੇ ਤੰਦਰੁਸਤ ਜੀਵ ਜਿਊਣ ਦੀ ਸਹੂਲਤ ਦਿੰਦਾ ਹੈ।ਇਸ ਨਾਲ ਚਿੰਤਾ ਅਤੇ ਅਚਾਨਕ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।ਪੈਸਾ ਹੋਣ ਕਾਰਨ ਦੋਸਤਾਂ ਅਤੇ ਪਰਿਵਾਰ ਨਾਲ ਵਧੇਰੇ ਸਮਾਂ ਗੁਜ਼ਾਰਨ ਦੀ ਸਹੂਲਤ ਮਿਲਦੀ ਹੈ। ਪੈਸੇ ਨਾਲ ਹੀ ਚੰਗੇਰੀ ਅਤੇ ਉਚੇਰੀ ਸਿੱਖਿਆ, ਚੰਗੇ ਮਕਾਨ ਵਿੱਚ ਰਹਿਣ, ਆਉਣ-ਜਾਣ ਦੀ ਸਹੂਲਤ ਮਿਲਦੀ ਹੈ।ਨਿਰਸੰਦੇਹ ਪੈਸੇ ਨਾਲ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ ਪਰ ਪੈਸੇ ਬਿਨਾਂ ਕੋਈ ਵੀ ਸਮੱਸਿਆ ਹੱਲ ਨਹੀਂ ਹੁੰਦੀ। ਤਸਵੀਰ ਦਾ ਦੂਜਾ ਪਾਸਾ ਵੀ ਵੇਖ ਲੈਣਾ ਚਾਹੀਦਾ ਹੈ। ਜਿਉਂ-ਜਿਉਂ ਕਿਸੇ ਕੋਲ ਪੈਸਾ ਵਧਦਾ ਹੈ, ਲਾਲਚ ਵਧਣ ਕਾਰਨ ਉਸ ਦਾ ਹੱਸਣਾ ਘਟਦਾ ਜਾਂਦਾ ਹੈ।ਚੀਜ਼ ਕੋਈ ਹੋਵੇ ਉਹ ਖਰੀਦਣ ਤੋਂ ਪਹਿਲਾਂ ਹੀ ਵਿਸ਼ੇਸ਼ ਹੁੰਦੀ ਹੈ। ਦੂਜਿਆਂ ਦੇ ਪੈਸੇ ਨਾਲ ਖਰੀਦੀ ਜਾਣ ਵਾਲੀ ਚੀਜ਼ ਦੀ ਸਹੀ ਵਰਤੋਂ ਨਹੀਂ ਕੀਤੀ ਜਾਂਦੀ, ਜਿਸ ਕਾਰਨ ਉਸ ਵਿੱਚੋਂ ਮਿਲਣ ਵਾਲੀ ਪ੍ਰਸੰਨਤਾ ਦਾ ਪੱਧਰ ਉੱਚਾ ਨਹੀਂ ਹੁੰਦੀ। ਕਿਸੇ ਮਹਿੰਗੇ ਯੰਤਰ ਦੇ ਖਰਾਬ ਹੁੰਦਿਆਂ ਹੀ ਉਸ ਵਿੱਚੋਂ ਮਿਲਣ ਵਾਲੀ ਪ੍ਰਸੰਨਤਾ, ਪ੍ਰੇਸ਼ਾਨੀ ਬਣ ਜਾਂਦੀ ਹੈ। ਇੱਛਾਵਾਂ ਪੂਰੀਆਂ ਕਰਨ ਦੀ ਮਾਇਕ ਯੋਗਤਾ ਅਮੀਰੀ ਦੀ ਨਿਸ਼ਾਨੀ ਹੁੰਦੀ ਹੈ ਪਰ ਇੱਛਾਵਾਂ ਪੂਰੀਆਂ ਕਰਨ ਦੀ ਸਮਰੱਥਾ ਦੇ ਬਾਵਜੂਦ ਸਾਦਾ-ਸਰਲ ਜੀਵਨ ਖ਼ੁਸ਼ਹਾਲੀ ਦੀ ਨਿਸ਼ਾਨੀ ਹੁੰਦਾ ਹੈ। ਅਮੀਰ ਆਪਣੇ ਆਪ ‘ਤੇ ਪੈਸਾ ਖਰਚ ਕਰਦਾ ਹੈ, ਖ਼ੁਸ਼ਹਾਲ ਵਿਅਕਤੀ ਸਮਾਜ ਦਾ ਪੱਧਰ ਉੱਚਾ ਚੁੱਕਦੇ ਹਨ। ਜ਼ਿੰਦਗੀ ਦੀਆਂ ਅਣਗਿਣਤ ਪਰਤਾਂ ਹਨ। ਢੇਰ ਪੈਸੇ ਕਮਾਉਣ-ਖਰਚਣ ਮਗਰੋਂ ਹੀ ਪਤਾ ਲੱਗਦਾ ਹੈ ਕਿ ਇਕੱਲਾ ਪੈਸਾ ਨਾ ਸੰਤੁਸ਼ਟ ਕਰਦਾ ਹੈ ਨਾ ਪ੍ਰਸੰਨ। ਕਿਸੇ ਚੀਜ਼ ਦੀ ਮਾਲਕੀ ਬੜੀ ਤਸੱਲੀ ਦਿੰਦੀ ਹੈ ਪਰ ਤਸੱਲੀ ਅਤੇ ਪ੍ਰਸੰਨਤਾ ਦਾ ਸੁਭਾਉ ਵੱਖਰਾ ਹੈ।ਕੁਝ ਨਵਾਂ ਖਰੀਦਣ-ਪ੍ਰਾਪਤ ਕਰਨ ਸਮੇਂ ਆਪਣੀ ਸਮਰੱਥਾ ਦੇ ਵਧ ਜਾਣ ਦਾ ਅਹਿਸਾਸ ਪ੍ਰਸੰਨਤਾ ਦਿੰਦਾ ਹੈ, ਮਗਰੋਂ ਉਸ ਤੋਂ ਤਸੱਲੀ ਮਿਲਦੀ ਹੈ। ਜਦੋਂ ਚੀਜ਼ ਪੁਰਾਣੀ ਹੋ ਜਾਵੇ ਤਾਂ ਤਸੱਲੀ ਲੋਪ ਹੋ ਜਾਂਦੀ ਹੈ। ਜੇ ਆਪਣੀ ਕਿਸੇ ਜਾਇਦਾਦ ਦੀ ਕੀਮਤ ਵਧ ਜਾਵੇ ਤਾਂ ਤਸੱਲੀ ਹੀ ਵਧਦੀ ਹੈ, ਪ੍ਰਸੰਨਤਾ ਨਹੀਂ।ਪ੍ਰਸੰਨਤਾ ਨਵੇਂ ਅਨੁਭਵਾਂ ਵਿੱਚ ਹੁੰਦੀ ਹੈ, ਪੁਰਾਣੀਆਂ ਚੀਜ਼ਾਂ ਵਿੱਚ ਨਹੀਂ।

ਨਿਰਸੰਦੇਹ ਪੈਸਾ ਸਾਨੂੰ ਆਪਣੀ ਮਨਮਰਜ਼ੀ ਕਰਨ ਦੀ ਸਹੂਲਤ ਦਿੰਦਾ ਹੈ ਪਰ ਪੈਸੇ ਨਾਲ ਖਰਚਣ ਦੀ ਹੀ ਮਨਮਰਜ਼ੀ ਕੀਤੀ ਜਾ ਸਕਦੀ ਹੈ। ਮਨਮਰਜ਼ੀ ਨਾਲ ਜਦੋਂ ਅਸੀਂ ਕੋਈ ਮਹਿੰਗੀ ਚੀਜ਼ ਖਰੀਦਦੇ ਹਾਂ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਇਹ ਤਾਂ ਪਹਿਲਾਂ ਹੀ ਹਰ ਕਿਸੇ ਕੋਲ ਹੈ। ਸੋ ਉਸ ਚੀਜ਼ ਤੋਂ ਕਿਆਸੀ ਪ੍ਰਸੰਨਤਾ ਫਿੱਕੀ ਪੈ ਜਾਂਦੀ ਹੈ ਅਤੇ ਉਹ ਚੀਜ਼ ਸਾਨੂੰ ਅਕਾਉਣ ਲੱਗ ਪੈਂਦੀ ਹੈ। ਪ੍ਰਸੰਨਤਾ ਇਸ ਲਈ ਨਹੀਂ ਵਧਦੀ ਕਿਉਂਕਿ ਸਾਡੀ ਪ੍ਰਸੰਨ ਹੋਣ ਦੀ ਸਮਰੱਥਾ ਬੜੀ ਸੀਮਤ ਹੁੰਦੀ ਹੈ। ਸਾਡੀ ਪ੍ਰਸੰਨਤਾ ਵਿੱਚ ਵੰਨ-ਸੁਵੰਨਤਾ ਦੀ ਘਾਟ ਹੋਣ ਕਾਰਨ ਅਸੀਂ ਕੁਝ ਚੀਜ਼ਾਂ ਦੀਆਂ ਅਨੇਕ ਵੰਨਗੀਆਂ ਖਰੀਦਣ ਲੱਗ ਪੈਂਦੇ ਹਾਂ ਅਤੇ ਫਿਰ ਖਰੀਦਿਆ ਹੋਇਆ ਸਭ ਕੁਝ ਕਬਾੜ ਲੱਗਣ ਲੱਗਦਾ ਹੈ।ਕਈ ਵਾਰ ਕੋਈ ਮਹਿੰਗੀ ਚੀਜ਼ ਇਸ ਲਈ ਖਰੀਦੀ ਜਾਂਦੀ ਹੈ ਕਿ ਉਹ ਰਿਸ਼ਤੇਦਾਰ ਜਾਂ ਗੁਆਂਢੀ ਨੇ ਖਰੀਦੀ ਹੋਈ ਹੈ।ਜਿਨ੍ਹਾਂ ਕੋਲ ਪ੍ਰਸੰਨਤਾ ਦਾ ਕੋਈ ਸੰਕਲਪ ਨਹੀਂ ਹੁੰਦਾ, ਉਹ ਪੈਸਾ ਖਰਚ ਕੇ ਲੋਕਾਂ ਦੀ ਪ੍ਰਵਾਨਗੀ ਹੀ ਕਮਾਉਂਦੇ ਹਨ।ਲੋਕ ਪੈਸਾ ਠੀਕ ਢੰਗ ਨਾਲ ਇਸ ਲਈ ਨਹੀਂ ਖਰਚਦੇ ਕਿਉਂਕਿ ਪੈਸਾ ਖਰਚਣ ਦਾ ਕੋਈ ਸਰਵ-ਪ੍ਰਵਾਨਿਤ ਠੀਕ ਢੰਗ ਨਹੀਂ ਹੈ। ਹਰ ਕੋਈ ਆਪਣੀ ਸਿਆਣਪ-ਮੂਰਖਤਾ ਅਨੁਸਾਰ ਪੈਸਾ ਖਰਚਦਾ ਹੈ। ਪੈਸੇ ਬਾਰੇ ਧਾਰਮਿਕ ਦ੍ਰਿਸ਼ਟੀਕੋਣ ਵੀ ਜਾਣ ਲੈਣਾ ਚਾਹੀਦਾ ਹੈ।ਧਰਮ ਨੇ ਪੈਸੇ ਨੂੰ ਨਿੰਦ-ਨਿੰਦ ਕੇ ਇਸ ਦਾ ਲਾਲਚ ਵਧਾਇਆ ਹੈ।ਧਰਮ ਦੀ ਦ੍ਰਿਸ਼ਟੀ ਤੋਂ ਪੈਸਾ ਪਾਪ ਨਾਲ ਜੁੜਿਆ ਹੋਇਆ ਹੈ ਪਰ ਇਹ ਪੈਸਾ ਜੇ ਧਾਰਮਿਕ ਸਥਾਨ ‘ਤੇ ਚੜ੍ਹਾਵਾ ਬਣ ਜਾਵੇ ਤਾਂ ਇਹ ਪੁੰਨ ਬਣ ਜਾਂਦਾ ਹੈ।ਕੀ ਪੈਸੇ ਨਾਲ ਚੰਗਾ ਬਣਿਆ ਜਾ ਸਕਦਾ ਹੈ ? ਧਰਮ ਲਈ ਪ੍ਰਸੰਨਤਾ ਨਹੀਂ, ਨੇਕ ਵਿਹਾਰ ਵਧੇਰੇ ਮਹੱਤਵਪੂਰਨ ਹੁੰਦਾ ਹੈ।ਨੇਕ ਵਿਹਾਰ ਨੂੰ ਹੀ ਧਰਮ ਕਿਹਾ ਜਾਂਦਾ ਹੈ। ਧਰਮ, ਮਨੁੱਖ ਨੂੰ ਲਾਲਚ ਤੋਂ ਵਰਜਦਾ ਹੈ ਅਤੇ ਤਰਕ ਦਿੰਦਾ ਹੈ ਕਿ ਇੱਕ ਵੇਲੇ ਇੱਕ ਹੀ ਘਰ ਵਿੱਚ ਰਿਹਾ ਜਾ ਸਕਦਾ ਹੈ, ਇੱਕ ਵੇਲੇ ਕੱਪੜਿਆਂ ਦਾ ਇੱਕ ਹੀ ਜੋੜਾ ਪਾਇਆ ਜਾ ਸਕਦਾ ਹੈ। ਧਰਮ ਅਨੁਸਾਰ ਪੈਸਾ ਜੀਵਨ ਲੋੜਾਂ ਪੂਰੀਆਂ ਕਰਨ ਦਾ ਸਾਧਨ ਹੈ ਪਰ ਜਦੋਂ ਪੈਸਾ ਹੀ ਉਦੇਸ਼ ਬਣ ਜਾਵੇ ਤਾਂ ਇਹ ਭ੍ਰਿਸ਼ਟ ਬਣਾ ਦਿੰਦਾ ਹੈ ਅਤੇ ਇਹ ਮਨੁੱਖ ਵਿੱਚ ਵਿਨਾਸ਼ਕਾਰੀ ਆਦਤਾਂ ਨੂੰ ਜਨਮ ਦਿੰਦਾ ਹੈ।ਇਸ ਨਾਲ ਆਪਣੇ ਵਿਸ਼ੇਸ਼ ਹੋਣ ਦਾ ਭਰਮ ਉਪਜਦਾ ਹੈ। ਧਰਮ ਪਦਾਰਥਕ ਨਹੀਂ, ਰੂਹਾਨੀ ਵਿਕਾਸ ਦਾ ਪੱਖ ਪੂਰਦਾ ਹੈ।ਧਰਮ ਦੀ ਦ੍ਰਿਸ਼ਟੀ ਤੋਂ ਪੈਸਾ ਪ੍ਰਸੰਨ ਨਹੀਂ, ਪ੍ਰੇਸ਼ਾਨ ਕਰਦਾ ਹੈ।ਇਹ ਨੇਕ ਨਹੀਂ, ਬਦੀ ਫੈਲਾਉਂਦਾ ਹੈ।ਪੈਸੇ ਤੋਂ ਪ੍ਰਸੰਨਤਾ ਪ੍ਰਾਪਤ ਕਰਨ ਬਾਰੇ ਨਿਰਣੇ ਤਾਂ ਆਪ ਕਰਨੇ ਪੈਣਗੇ ਪਰ ਕੁਝ ਸੁਝਾਅ ਦਿੱਤੇ ਜਾ ਸਕਦੇ ਹਨ।ਮਹਿੰਗੀਆਂ ਚੀਜ਼ਾਂ ਖਰੀਦਣ ਦੀ ਪ੍ਰਵਿਰਤੀ ਦਿਖਾਵੇ ਤੋਂ ਪ੍ਰੇਰਿਤ ਹੋਣ ਕਾਰਨ ਪ੍ਰਸੰਨਤਾ ਨਹੀਂ ਦਿੰਦੀ, ਸਾੜਾ ਉਪਜਾਉਂਦੀ ਹੈ।ਲੋੜ ਚੀਜ਼ਾਂ ਨਹੀਂ, ਅਨੁਭਵ ਖਰੀਦਣ ਦੀ ਹੈ। ਕਸਰਤ ਕਰਨ ਦੀ ਮਸ਼ੀਨ ਖਰੀਦਣ ਦੀ ਥਾਂ ਸੈਰ ਕਰਨ ਦਾ ਅਨੁਭਵ ਵਧੇਰੇ ਪ੍ਰਸੰਨ ਕਰੇਗਾ। ਸਾਧਾਰਨ ਲੋਕ ਚੀਜ਼ਾਂ ਖਰੀਦਦੇ ਹਨ, ਸਿਆਣੇ ਲੋਕ ਅਨੁਭਵ ਵੀ ਖਰੀਦਦੇ ਹਨ।ਕਸਰਤ ਦੀ ਮਸ਼ੀਨ ਪ੍ਰਸੰਨਤਾ ਨਹੀਂ ਦਿੰਦੀ ਕਿਉਂਕਿ ਇਹ ਖਰੀਦੀ ਹੀ ਜਾਂਦੀ ਹੈ ਅਤੇ ਕੁਝ ਦਿਨਾਂ ਮਗਰੋਂ ਵਰਤੀ ਨਹੀਂ ਜਾਂਦੀ।ਮਸ਼ੀਨ ਦੇ ਸਾਰੇ ਪਾਸੇ ਕੰਧਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਲਗਾਤਾਰ ਵੇਖਣਾ ਅਕਾਊ ਹੁੰਦਾ ਹੈ। ਸੈਰ ਕਰਦਿਆਂ ਭਾਂਤ-ਭਾਂਤ ਦੇ ਲੋਕ ਮਿਲਦੇ ਹਨ, ਦਰੱਖਤ ਦਿਸਣਗੇ, ਪੰਛੀਆਂ ਦੀਆਂ ਆਵਾਜ਼ਾਂ ਸੁਣਾਈ ਦੇਣਗੀਆਂ, ਤਾਜ਼ੀ ਹਵਾ ਮਿਲੇਗੀ, ਖੁੱਲ੍ਹ ਦਾ ਆਨੰਦ ਆਵੇਗਾ। ਸੈਰ ਕਰਨ ਨਾਲ ਸਵੈ-ਵਿਸ਼ਵਾਸ ਵਧਦਾ ਹੈ।ਸੈਰ ਕਰਨ ਨਾਲ ਕੋਈ ਤੰਦਰੁਸਤ ਨਹੀਂ ਹੁੰਦਾ, ਸੈਰ ਕਰਦੇ ਹੀ ਤੰਦਰੁਸਤ ਹਨ।ਸੈਰ ਦੌਰਾਨ ਉਤਸ਼ਾਹ ਉਪਜਦਾ ਹੈ, ਨਵੇਂ ਵਿਚਾਰ ਸੁੱਝਦੇ ਹਨ, ਕਲਪਨਾ ਜਾਗਦੀ ਹੈ, ਕਈ ਸਾਨੂੰ ਮਿਲਦੇ ਹਨ, ਕਈਆਂ ਨੂੰ ਅਸੀਂ ਮਿਲਦੇ ਹਾਂ।ਪ੍ਰਸੰਨਤਾ ਦਾ ਸੁਨਹਿਰੀ ਨੇਮ ਹੈ ਕਿ ਵਸਤਾਂ ਵਿੱਚੋਂ ਨਹੀਂ, ਕੁਦਰਤ ਅਤੇ ਅਨੁਭਵਾਂ ਵਿੱਚੋਂ ਪ੍ਰਸੰਨਤਾ ਮਿਲੇਗੀ। ਕੁਦਰਤ ਦੇ ਨਜ਼ਾਰੇ ਮਾਣੋ, ਨਵੀਆਂ ਧਰਤੀਆਂ, ਥਾਵਾਂ ਗਾਹੋ, ਨਵੇਂ ਲੋਕਾਂ ਨੂੰ ਮਿਲੋ, ਨਵੇਂ ਪਹਿਰਾਵੇ ਵੇਖੋ, ਨਵੇਂ ਪਕਵਾਨ ਖਾਓ, ਪੱਖਪਾਤ ਘਟਣਗੇ, ਚੜ੍ਹਦੀ ਕਲਾ ਦਾ ਅਨੁਭਵ ਹੋਵੇਗਾ, ਹਿਰਦੇ ਵਿੱਚ ਵਿਸ਼ਾਲਤਾ ਅਤੇ ਉਦਾਰਤਾ ਆਵੇਗੀ। ਜਿਤਨਾ ਸੰਸਾਰ ਅਸੀਂ ਵੇਖਦੇ ਹਾਂ, ਉਤਨਾ ਹੀ ਅਸੀਂ ਆਪ ਫੈਲਦੇ ਹਾਂ।ਆਪਣੇ ਹਰ ਅਨੁਭਵ ਦੇ ਕੇਂਦਰ ਵਿੱਚ ਅਸੀਂ ਆਪ ਹੁੰਦੇ ਹਾਂ। ਆਪਣੇ ਅਨੁਭਵਾਂ ਬਾਰੇ ਸੋਚ ਕੇ ਵੀ ਪ੍ਰਸੰਨਤਾ ਮਿਲਦੀ ਹੈ, ਜਦੋਂਕਿ ਚੀਜ਼ਾਂ ਬਾਰੇ ਸੋਚਣ ਨਾਲ ਕੋਈ ਤਸੱਲੀ ਨਹੀਂ ਮਿਲਦੀ।

ਕੋਈ ਇੱਕ ਬਹੁਤ ਮਹਿੰਗੀ ਚੀਜ਼ ਖਰੀਦਣ ਦੀ ਥਾਂ, ਨਿੱਕੀਆਂ-ਨਿੱਕੀਆਂ ਕਈ ਚੀਜ਼ਾਂ ਖਰੀਦਣ ਨਾਲ ਪ੍ਰਸੰਨਤਾ ਵਧਦੀ ਹੈ।ਜਿਤਨੀ ਤੁਹਾਡੀ ਜਾਣ-ਪਛਾਣ ਵਧੇਰੇ ਹੋਵੇਗੀ, ਉਤਨੇ ਤੁਸੀਂ ਵਧੇਰੇ ਪ੍ਰਸੰਨ ਹੋਵੋਗੇ, ਜਿਤਨੇ ਵਧੇਰੇ ਪ੍ਰਸੰਨ ਹੋਵੋਗੇ, ਉਤਨੇ ਵਧੇਰੇ ਤੰਦਰੁਸਤ ਹੋਵੋਗੇ। ਪ੍ਰਸੰਨ ਤੇ ਤੰਦਰੁਸਤ ਵਿਅਕਤੀਆਂ ਦੀ ਜਾਣ-ਪਛਾਣ ਦਾ ਘੇਰਾ ਵਿਸ਼ਾਲ ਹੁੰਦਾ ਹੈ। ਇਸਤਰੀ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਪ੍ਰਸੰਨਤਾ ਉਪਜਾਉਂਦੀ ਹੈ।ਖੇਤਰ ਕੋਈ ਹੋਵੇ, ਸਾਡਾ ਹੋਰਾਂ ਨਾਲ ਵਾਹ ਪੈਂਦਾ ਹੈ।ਜਿਨ੍ਹਾਂ ਨਾਲ ਸਾਡਾ ਵਾਹ ਪੈਂਦਾ ਹੈ ਉਨ੍ਹਾਂ ਦੇ ਵਿਕਾਸ ਵਿੱਚ ਸਹਾਈ ਹੋਣ, ਯਤਨ ਕਰਨ ਵਾਲਿਆਂ ਨੂੰ ਸ਼ਾਬਾਸ਼ ਦੇਣ, ਰੁਕਿਆਂ ਨੂੰ ਰਵਾਨਾ ਕਰਨ ਅਤੇ ਹੋਰਾਂ ਨੂੰ ਕੁਝ ਕਰਨ ਲਈ ਪ੍ਰੇਰਨਾ ਦੇਣ ਨਾਲ ਪ੍ਰਸੰਨਤਾ ਮਿਲਦੀ ਹੈ। ਨਿੱਕੇ-ਨਿੱਕੇ ਤੋਹਫ਼ੇ ਦੇਣ ਨਾਲ ਸ਼ੁਭ-ਚਿੰਤਕ ਉਪਜਦੇ ਹਨ, ਜਿਹੜੇ ਪ੍ਰਸੰਨਤਾ ਦਾ ਸਰੋਤ ਬਣਦੇ ਹਨ। ਜਿਸ ਵਿਅਕਤੀ ਨੂੰ ਆਪਣੇ ਕੰਮ ਅਤੇ ਰੁਜ਼ਗਾਰ ਵਿੱਚੋਂ ਤਸੱਲੀ ਨਹੀਂ ਮਿਲਦੀ, ਉਸ ਕੋਲ ਕਿਤਨੀਆਂ ਵੀ ਚੀਜ਼ਾਂ ਹੋਣ, ਉਹ ਪ੍ਰਸੰਨ ਨਹੀਂ ਹੋਵੇਗਾ। ਬਹੁਤ ਲੰਮੀ ਉਮਰ ਵਾਲੀਆਂ ਮਹਿੰਗੀਆਂ ਚੀਜ਼ਾਂ ਜੰਜਾਲ ਬਣ ਜਾਂਦੀਆਂ ਹਨ।ਜਿਵੇਂ ਨਵ-ਜਨਮੇ ਬੱਚੇ ਲਈ ਵੱਡਾ ਅਤੇ ਮਹਿੰਗਾ ਪੰਘੂੜਾ ਇੱਕ-ਡੇਢ ਸਾਲ ਮਗਰੋਂ ਕਮਰੇ ਵਿੱਚ ਰੁਕਾਵਟ ਬਣ ਜਾਂਦਾ ਹੈ। ਬਹੁਤ ਲੰਮੀਆਂ ਗਰੰਟੀਆਂ ਕਿਸੇ ਕੰਮ ਨਹੀਂ ਆਉਂਦੀਆਂ।ਜੇ ਬਹੁਤ ਮਹਿੰਗੀਆਂ ਚੀਜ਼ਾਂ ਖਰੀਦੋਗੇ ਤਾਂ ਉਨ੍ਹਾਂ ਦੇ ਗੁਆਚਣ ਜਾਂ ਚੋਰੀ ਹੋ ਜਾਣ ਦੀ ਚਿੰਤਾ ਵੀ ਖਰੀਦੀ ਜਾਵੇਗੀ। ਅਨੁਭਵਾਂ ਦੀ ਥਾਂ ਅਸੀਂ ਚੀਜ਼ਾਂ ਇਸ ਲਈ ਵਧੇਰੇ ਖਰੀਦਦੇ ਹਾਂ ਕਿਉਂਕਿ ਸੋਫੇ, ਕਾਲੀਨ, ਕੰਪਿਊਟਰ ਆਦਿ ਵਾਂਗ ਚੀਜ਼ਾਂ ਨਾਲ ਇਕਸੁਰ ਹੋਣਾ ਸੌਖਾ ਹੁੰਦਾ ਹੈ ਪਰ ਇਹ ਚੀਜ਼ਾਂ ਕੁਝ ਦਿਨਾਂ ਵਿੱਚ ਹੀ ਸਾਧਾਰਨ ਬਣ ਜਾਂਦੀਆਂ ਹਨ। ਅਨੁਭਵ ਅਤੇ ਵਿਅਕਤੀ, ਚੀਜ਼ਾਂ ਨਾਲੋਂ ਵਧੇਰੇ ਪ੍ਰਸੰਨ ਕਰਦੇ ਹਨ।ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕੋਈ ਵੀ ਪ੍ਰਸੰਨਤਾ ਖ਼ਾਲਸ ਨਹੀਂ ਹੁੰਦੀ।ਲੱਖਾਂ ਦੀ ਘੜੀ ਨਾਲ ਵਕਤ ਕੀਮਤੀ ਨਹੀਂ ਹੋ ਜਾਂਦਾ, ਝੀਲ ਦੇ ਕਿਨਾਰੇ ਮਕਾਨ ਦਾ ਬੜਾ ਸੁੰਦਰ ਨਜ਼ਾਰਾ ਹੋਵੇਗਾ ਪਰ ਮੱਛਰਾਂ ਦੀ ਭਰਮਾਰ ਵੀ ਹੋਵੇਗੀ। ਮੋਟਾ ਕਰਨ ਵਾਲੀਆਂ ਚੀਜ਼ਾਂ ਨੂੰ ਖਰੀਦਣਾ ਮੁਲਤਵੀ ਕਰਨਾ ਚਾਹੀਦਾ ਹੈ ਕਿਉਂਕਿ ਅਜਿਹੀਆਂ ਚੀਜ਼ਾਂ ਮੋਟਾਪਾ ਬਣ ਕੇ ਜੀਵਨ ਭਰ ਪ੍ਰੇਸ਼ਾਨ ਕਰਦੀਆਂ ਹਨ।ਕੋਈ ਚੀਜ਼ ਖਰੀਦਣ ਤੋਂ ਪਹਿਲਾਂ ਸੋਚੋ ਕਿ ਕੀ ਇਹ ਤੁਹਾਡੀ ਕਾਰਜ-ਕੁਸ਼ਲਤਾ ਵਧਾਏਗੀ ਜਾਂ ਸਾੜਾ ਉਪਜਾਏਗੀ ? ਜੇ ਤੁਸੀਂ ਕੋਈ ਚੀਜ਼ ਵਿਖਾਵੇ ਲਈ ਖਰੀਦ ਰਹੇ ਹੋ ਤਾਂ ਲੰਮੀ ਕਾਰ, ਤੰਗ ਰਸਤੇ ‘ਤੇ ਵੱਧ ਥਾਂ ਘੇਰਨ ਕਰਕੇ ਗੁਆਂਢੀਆਂ ਨਾਲ ਤੁਹਾਡੇ ਸਬੰਧ ਵਿਗਾੜੇਗੀ। ਵੇਖਿਆ ਗਿਆ ਹੈ ਕਿ ਜੇ ਮਨੁੱਖ ਹੋਰਾਂ ਦੀ ਪ੍ਰਸੰਨਤਾ ਦਾ ਧਿਆਨ ਨਹੀਂ ਰੱਖਦਾ ਤਾਂ ਉਹ ਆਪ ਵੀ ਪ੍ਰਸੰਨ ਨਹੀਂ ਹੁੰਦਾ। ਜੀਵਨ ਵਿੱਚ ਪ੍ਰਸੰਨਤਾ ਦੇ ਘਟਣ ਦਾ ਇੱਕ ਕਾਰਨ ਇਹ ਹੈ ਕਿ ਬਹੁਤੀਆਂ ਚੀਜ਼ਾਂ ਹੋਰਾਂ ਦੀ ਨਕਲ ਕਰਕੇ ਲਈਆਂ ਜਾਂਦੀਆਂ ਹਨ। ਕਿਸੇ ਚੀਜ਼ ਦੀ ਲਾਲਸਾ ਕਰਨ ਤੋਂ ਪਹਿਲਾਂ ਵੇਖ ਲੈਣਾ ਚਾਹੀਦਾ ਹੈ ਕਿ ਜਿਨ੍ਹਾਂ ਕੋਲ ਇਹ ਚੀਜ਼ ਹੈ ਉਹ ਕਿਤਨੇ ਕੁ ਪ੍ਰਸੰਨ ਹਨ। ਜਿਹੜੀ ਚੀਜ਼ ਕਦੇ ਵਰਤੀ ਨਹੀਂ, ਵਰਤਣੀ ਆਉਂਦੀ ਨਹੀਂ, ਵਰਤਣ ਦੀ ਲੋੜ ਨਹੀਂ, ਉਹ ਭਾਵੇਂ ਮੁਫ਼ਤ ਮਿਲੇ, ਨਾ ਲਓ। ਕਈ ਜੂਸ ਕੱਢਣ ਜਾਂ ਕਾਫ਼ੀ ਬਣਾਉਣ ਦੀ ਮਸ਼ੀਨ ਖਰੀਦ ਲੈਂਦੇ ਹਨ ਪਰ ਵਰਤਣ ਉਪਰੰਤ ਇਨ੍ਹਾਂ ਨੂੰ ਸਾਫ਼ ਕਰਨ ਦਾ ਝੰਜਟ ਇਨ੍ਹਾਂ ਨੂੰ ਵਰਤਣ ਦਾ ਉਤਸ਼ਾਹ ਮਾਰ ਦਿੰਦਾ ਹੈ।ਕੁਝ ਲੋਕ ਕੁਝ ਖਰੀਦਣ ਤੋਂ ਪਹਿਲਾਂ ਕਈ ਦੁਕਾਨਾਂ ‘ਤੇ ਜਾਂਦੇ ਹਨ, ਅਜਿਹੇ ਲੋਕ ਕੁਝ ਵੀ ਖਰੀਦ ਲੈਣ, ਖਰੀਦਣ ਉਪਰੰਤ ਸੋਚਣਗੇ, ਇਹ ਨਹੀਂ ਉਹ ਖਰੀਦਣੀ ਚਾਹੀਦੀ ਸੀ।ਕੁਝ ਲੋਕ ਹੋਰਾਂ ਵਰਗੇ ਬਣਨਾ ਚਾਹੁੰਦੇ ਹਨ। ਇਹ ਹੋਰਾਂ ਵਿੱਚ ਸਾਂਝਾਂ ਵੇਖਦੇ ਹਨ ਅਤੇ ਉਹ ਚੀਜ਼ ਖਰੀਦਦੇ ਹਨ, ਜਿਸ ਨੂੰ ਵਧੇਰੇ ਲੋਕਾਂ ਨੇ ਖਰੀਦਿਆ ਹੁੰਦਾ ਹੈ। ਕਈ ਹੋਰਾਂ ਤੋਂ ਨਿਆਰੇ ਹੋਣਾ ਚਾਹੁੰਦੇ ਹਨ, ਅਜਿਹੇ ਲੋਕਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਉਹ ਚੀਜ਼ ਖਰੀਦਾਂਗਾ, ਜਿਹੜੀ ਕਿਸੇ ਕੋਲ ਨਹੀਂ ਹੋਵੇਗੀ।ਅਜਿਹੇ ਲੋਕਾਂ ਵਿੱਚ ਹਉਮੈ ਵਧੇਰੇ ਹੁੰਦੀ ਹੈ, ਇਹ ਨਫ਼ਰਤ ਨਾਲ ਭਰੇ ਹੁੰਦੇ ਹਨ।ਇਹ ਹੋਰਾਂ ਨੂੰ ਨੀਵੇਂ ਸਿੱਧ ਕਰ ਦਿੰਦੇ ਹਨ ਪਰ ਆਪ ਉੱਚੇ ਸਿੱਧ ਨਹੀਂ ਹੁੰਦੇ।ਇਹ ਕਦੇ ਪ੍ਰਸੰਨ ਨਹੀਂ ਹੁੰਦੇ।ਇਨ੍ਹਾਂ ਦੇ ਘਰ ਸਾਮਾਨ ਨਾਲ ਭਰੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਪੁਰਾਣੀਆਂ ਚੀਜ਼ਾਂ ਤੋਂ ਖਹਿੜਾ ਛੁਡਾਉਣ ਦੀ ਸਮਰੱਥਾ ਨਹੀਂ ਹੁੰਦੀ। ਭਿੰਨਤਾ ਦੇ ਅਜਿਹੇ ਅਭਿਲਾਸ਼ੀ ਆਪਣੀ ਔਕਾਤ ਅਤੇ ਲੋੜ ਨਾਲੋਂ ਵਡੇਰੀ ਕੋਠੀ ਉਸਾਰ ਕੇ ਮਕਾਨਾਂ ਵਾਲਿਆਂ ਤੋਂ ਉੱਚਾ ਹੋਣ ਦੇ ਯਤਨ ਵਿੱਚ ਨਿੱਘਰਦੇ ਹਨ।

# ਬੁੱਝੋ ਮੇਰੀ ਬਾਤ

ਬੁਝਾਰਤਾਂ ਸਾਡੇ ਵਿਰਸੇ ਦਾ ਇੱਕ ਅੰਗ ਹਨ। ਜੋ ਪੁਸ਼ਤ-ਦਰ-ਪੁਸ਼ਤ ਹੀ ਤੁਰੀਆਂ ਆਉਂਦੀਆਂ ਹਨ। ਮਾਂ ਨੇ ਬੁਝਾਰਤ ਧੀ ਨੂੰ ਪਾਈ, ਉਸ ਨੇ ਆਪਣੇ ਬੱਚਿਆਂ ਨੂੰ ਇਸੇ ਤਰ੍ਹਾਂ ਅੱਗੇ-ਅੱਗੇ। ਹਾਂ-ਰਾਹ ਵਿੱਚ ਕੁਝ ਅਦਲਾ-ਬਦਲੀ ਹੁੰਦੀ ਗਈ। ਅੱਜ ਦੇ ਟੀ.ਵੀ., ਇੰਟਰਨੈੱਟ, ਅਖ਼ਬਾਰਾਂ ਅਤੇ ਪੁਸਤਕਾਂ ਨੇ ਇਨ੍ਹਾਂ ਨੂੰ ਕੁਇਜ਼, ਮੈਮੋਰੀ ਟੈਸਟ ਗਰੁੱਪ ਮੁਕਾ-ਬਲੇ ਅਤੇ ਹੋਰ ਮਨੋਰੰਜਨ ਮੁਕਾ-ਬਲਿਆਂ ਦਾ ਰੂਪ ਦੇ ਦਿੱਤਾ ਹੈ, ਜਿਸ ਨਾਲ ਯਾਦ ਸ਼ਕਤੀ, ਸੋਚ ਸ਼ਕਤੀ, ਪਹਿਲ, ਚੁਸਤੀ ਦੀ ਪਰਖ ਹੁੰਦੀ ਹੈ ਅਤੇ ਵਧਦੀ ਹੈ। ਇਹ ਹੀ ਗੱਲ ਪੁਰਾਣੇ ਸਮੇਂ ਬੁਝਾਰਤਾਂ ਵਿੱਚ ਸੀ ਅਤੇ ਅੱਜ ਵੀ ਹੈ।

ਮੈਨੂੰ ਯਾਦ ਹੈ ਕਿ ਲਗਪਗ ਅੱਸੀ ਸਾਲ ਪਹਿਲਾਂ ਬਿਜਲੀ ਨਹੀਂ ਸੀ ਹੁੰਦੀ। ਬੱਚੇ ਰਾਤ ਨੂੰ ਰਜਾਈਆਂ ਵਿੱਚ ਵੜ ਕੇ ਹਨੇਰੇ ਵਿੱਚ ਹੀ ਬੁਝਾਰਤਾਂ ਪਾਉਂਦੇ ਅਤੇ ਲੰਮੀਆਂ ਬਾਤਾਂ ਸੁਣਾਉਂਦੇ। ਬੁਝਾਰਤਾਂ ਨੂੰ ਵੀ ਬਾਤਾਂ ਹੀ ਕਿਹਾ ਜਾਂਦਾ ਸੀ, ਪਰ ਅਸਲ ਵਿੱਚ ਬਾਤ ਬਹੁਤ ਲੰਮੀ ਹੁੰਦੀ ਸੀ ਜਿਵੇਂ ਰੂਪ-ਬਸੰਤ ਦੀ, ਫੂਲਾ ਰਾਣੀ ਦੀ ਅਤੇ ਅਲਾਦੀਨ ਅਤੇ ਅਲੀ ਬਾਬੇ ਦੀ।

ਬਾਤਾਂ (ਬੁਝਾਰਤਾਂ) ਕਈ ਤਰ੍ਹਾਂ ਦੀਆਂ ਹੁੰਦੀਆਂ ਸਨ ਅਤੇ ਹੋ ਸਕਦੀਆਂ ਹਨ। ਬਹੁਤ ਛੋਟੀਆਂ, ਦੂਹਰੀਆਂ, ਚੋਹਰੀਆਂ, ਕਾਵਿ-ਮਈ, ਹਸਾਉਣੀਆਂ, ਰਿਸ਼ਤਿਆਂ ਬਾਰੇ, ਔਖੀਆਂ ਅਤੇ ਆਧੁਨਿਕ ਵੀ। ਅੱਗੇ ਸਿਆਣੇ ਕਹਿੰਦੇ ਹੁੰਦੇ ਸਨ ਕਿ ਦਿਨੇ ਬਾਤਾਂ ਨਹੀਂ ਪਾਉਂਦੇ ਕਿਉਂਕਿ ਰਾਹੀ ਰਾਹ ਭੁੱਲ ਜਾਣਗੇ। ਪਰ ਕੋਈ ਗੱਲ ਨਹੀਂ ਹੁਣ ਤਾਂ ਤੁਹਾਡਾ ਮੋਬਾਈਲ ਤੁਹਾਨੂੰ ਰਾਹ ਦੱਸਣ ਲੱਗ ਪਿਆ ਹੈ, ਰਾਹ ਨਹੀਂ ਭੁੱਲੋਗੇ। ਆਓ ਕੁਝ ਬਾਤਾਂ ਦੀ ਵੰਨਗੀ ਦੇਖੀਏ ਅਤੇ ਬਾਤਾਂ ਪਾ ਲਈਏ। ਬੁੱਝ ਤਾਂ ਤੁਸੀ ਲੈਣੀਆਂ ਹੀ ਹਨ। ਬਹੁਤੀਆਂ ਬਾਤਾਂ ਬਹੁਤ ਛੋਟੀਆਂ, ਸੁਖਾਲੀਆਂ ਅਤੇ ਦੋ ਚਾਰ ਸ਼ਬਦਾਂ ਦੀਆਂ ਹੀ ਹੁੰਦੀਆਂ ਹਨ, ਪਰ ਸਿਰ ਖੁਰਕਣਾ ਜ਼ਰੂਰ ਪੈਂਦਾ ਹੈ।

* ਔਹ ਗਈ ਔਹ ਗਈ (ਨਜ਼ਰ)
* ਨੱਕ ’ਤੇ ਬੈਠੀ ਕੰਨ ਫੜੇ (ਐਨਕ)
* ਚੀਜ਼ ਮੇਰੀ ਪਰ ਵਰਤਣ ਲੋਕ (ਨਾਮ)
* ਤੂੰ ਚੱਲ ਮੈਂ ਮਗਰੋਂ ਆਇਆ (ਦਰਵਾਜ਼ਾ)
* ਛਪੜੀ ਸੁੱਕਗੀ ਟੀਟੋ ਮਰਗੀ (ਦੀਵਾ)
* ਨਿੱਕਾ ਜਿਹਾ ਕਾਕਾ ਘਰ ਦਾ ਰਾਖਾ (ਜਿੰਦਾ)

ਕੁਝ ਬੁਝਾਰਤਾਂ ਲਿਖਣ ਨੂੰ ਤਾਂ ਦੋ ਸਤਰੀ ਹੁੰਦੀਆਂ ਹਨ, ਪਰ ਕਾਵਿ-ਮਈ ਹੋਣ ਕਾਰਨ ਬੋਲਣ ਨੂੰ ਸੌਖੀਆਂ, ਪਰ ਬੁੱਝਣ ਨੂੰ ਔਖੀਆਂ ਜਿਵੇਂ:

* ਜਾਦੂਗਰ ਦਾ ਦੇਖ ਕਮਾਲ
ਪਾਵੇ ਹਰਾ ਤੇ ਕੱਢੇ ਲਾਲ (ਪਾਨ)
* ਫ਼ਲ ਵੀ ਤੇ ਫੁੱਲ ਵੀ
ਬਹੁਤਾ ਨਹੀ ਮੁੱਲ ਵੀ (ਗੁਲਾਬ ਜਾਮਣ)
* ਕਾਲੀਆਂ-ਕਾਲੀਆਂ ਤਾਰਾਂ
ਉੱਤੇ ਫਿਰਨ ਮਾਰੂਤੀ ਕਾਰਾਂ (ਜੂੰਆਂ)

ਕਈ ਵਾਰੀ ਔਖੀ ਬਾਤ ਵਾਸਤੇ ਇਸ਼ਾਰਾ ਜਾ ਹਿੰਟ ਵੀ ਦਿੱਤਾ ਜਾਂਦਾ ਹੈ ਕਿ ਇਹ ਚੀਜ਼ ਖਾਣ ਦੀ ਹੈ, ਪੀਣ ਦੀ ਹੈ, ਜਾਨਵਰ ਹੈ, ਮਨੁੱਖ ਹੈ ਤਾਂ ਬਾਤ ਬੁੱਝਣੀ ਸੌਖੀ ਹੋ ਜਾਂਦੀ ਹੈ। ਜਿਵੇਂ ਹੇਠਲੀਆਂ ਬੁਝਾਰਤਾਂ ਦਾ ਇਸ਼ਾਰਾ ਹੈ ਕਿ ਇਸ ਦਾ ਉੱਤਰ ਖਾਣ ਵਾਲੀ ਚੀਜ਼ ਹੈ।

* ਗੋਰੀ ਚਿੱਟੀ ਲੰਮੀ ਰਾਣੀ
ਸਿਰ ’ਤੇ ਤਾਜ ਹਰਾ (ਮੂਲੀ)
* ਇੱਕ ਹਰੀ ਹਰੀ ਇੱਕ ਲਾਲ ਲਾਲ
ਕਟੂਆ ਕਰਦਾ ਹਾਲ ਹਾਲ (ਮਿਰਚ)
* ਅਸਮਾਨੋਂ ਡਿੱਗਾ ਬੱਕਰਾ, ਮੂੰਹੋਂ ਡਿੱਗੀ ਰਾਲ
ਢਿੱਡ ਪਾੜ ਕੇ ਦੇਖ ਲਓ, ਛਾਤੀ ਉੱਤੇ ਵਾਲ (ਅੰਬ)
* ਹਰੀ ਸੁਰੰਗ ਵਿੱਚ ਨੌਂ ਨਿਆਣੇ
ਜੁੜ ਜੁੜ ਬੈਠੇ ਬੜੇ ਸਿਆਣੇ (ਮਟਰ)
* ਉੱਤੋਂ ਪੀਲਾ ਵਿੱਚੋਂ ਚਿੱਟਾ
ਕੂਲਾ ਨਰਮ ਤੇ ਮਿੱਠਾ ਮਿੱਠਾ (ਕੇਲਾ)

ਅੱਜ-ਕੱਲ੍ਹ ਦੇ ਨਿਆਣਿਆਂ ਵਾਸਤੇ ਚਾਚਾ ਤਾਇਆ, ਮਾਮਾ, ਮਾਸੜ, ਫੁੱਫੜ ਸਾਰੇ ਹੀ ਅੰਕਲ ਬਣ ਗਏ ਹਨ ਅਤੇ ਮਾਸੀ, ਭੂਆ, ਚਾਚੀ ਤਾਈ ਮਾਮੀ ਸਾਰੀਆਂ ਅੰਟੀਆਂ। ਪਰ ਵਿਰਸੇ ਨੂੰ ਸਾਂਭਦੇ ਹੋਏ ਕਈ ਪਰਿਵਾਰ ਅਜੇ ਅਸਲੀ ਰਿਸ਼ਤੇ ਵਿੱਚ ਯਕੀਨ ਰੱਖਦੇ ਹਨ। ਜੋ ਪਿਆਰ ਅਤੇ ਅਪਣੱਤ ਮਾਸੀ ਆਖਣ ਵਿੱਚ ਹੈ ਉਹ ਅੰਟੀ ਵਿੱਚ ਨਹੀ ਹੋ ਸਕਦੀ। ਆਓ ਇੱਕ ਬਾਤ ਰਿਸ਼ਤਿਆਂ ਦੀ ਵੀ ਪਾ ਲਈਏ।

ਤੇਰੀ ਮਾਂ ਦਾ ਜਵਾਈ ਹੈ,
ਤੇਰੀ ਨਣਦ ਦਾ ਭਾਈ ਹੈ।
ਤੇਰਾ ਕੀ ਲੱਗਿਆ? (ਪਤੀ)

ਬਹੁਤ ਸਾਲ ਪਹਿਲਾਂ ਮੇਰੀ ਨਾਨੀ ਦੀਆਂ ਪਾਈਆਂ ਬਾਤਾਂ ਬੜੀਆਂ ਠੇਠ, ਵਿੰਗ ਤੜਿੰਗੇ ਸ਼ਬਦ, ਬੋਲਣ ਨੂੰ ਔਖੀਆਂ, ਪਰ ਸੁਣਨ ਨੂੰ ਸੁਆਦੀ ਅਤੇ ਉੱਤਰ ਸੁਣ ਕੇ ਇੱਕ ਤਸਵੀਰ ਸਾਹਮਣੇ ਆ ਜਾਂਦੀ ਸੀ। ਕਾਂ, ਡੱਡੂ, ਤੋਤੇ ਸਾਹਮਣੇ ਬੈਠੇ ਦਿਸਣ ਲੱਗ ਪੈਂਦੇ ਸਨ:

* ਜੇ ਤੂੰ ਵਣ ਚੜ੍ਹਿਆ, ਕੁਰਲਾਵੇ ਤਾਂ
ਝਪੜਾਕਝੈਂ
ਜੇ ਤੂੰ ਲੈਂਡ ਫਲੈਂਡ ਕਰੇਂ ਤਾਂ ਚਿੱਕੜ ਛੋੜ
ਝਪਾਕੜਝੈਂ।
* ਹਰੀ ਚੁੰਨੀ ਲਾਲ ਕਿਨਾਰੀ
ਟੁੱਟ ਪੈਣਿਆਂ ਮੇਰੇ ਇੱਟ ਕਿਓ ਮਾਰੀ!
ਮਿੱਡੀਆਂ ਨਾਸਾਂ, ਥੋਬੜ ਮੂੰਹ
ਮੈਂ ਕੀ ਜਾਣਾਂ ਬੈਠੀ ਤੂੰ।

ਮੁਸਕਰਾਹਟ ਵਧੀਆ ਚੀਜ਼ ਹੈ। ਕਈ ਵਾਰੀ ਬੁਝਾਰਤਾਂ ਸੁਣ ਕੇ ਬੁਲ੍ਹਾਂ ’ਤੇ ਮੱਲੋਮੱਲੀ ਮੁਸਕਰਾਹਟ ਆ ਜਾਂਦੀ ਹੈ, ਉਸ ਦਾ ਉੱਤਰ ਚਾਹੇ ਸੌਖਾ ਹੀ ਹੋਵੇ।





* ਬਾਪੂ ਦੇ ਕੰਨ ਵਿੱਚ ਮਾਂ ਵੜਗੀ
(ਜਿੰਦਾ-ਕੁੰਜੀ)
* ਤੇਰੀ ਮਾਂ ਦੀਆਂ ਖੂਹ ’ਚ ਲੱਤਾਂ (ਘੱਗਰਾ)
* ਬਾਹਰੋਂ ਆਇਆ ਇੱਕ ਸਿਪਾਹੀ
ਖਿੱਚ ਖਿੱਚ ਕੇ ਪੈਂਟ (ਵਰਦੀ) ਲਾਹੀ
(ਕੇਲਾ)
* ਮਾਂ ਜੰਮੀ ਨੀ, ਪੁਤ ਫਿਰੇ ਕੋਠੇ ’ਤੇ (ਅੱਗ ਧੂੰਆਂ)
* ਬਾਹਰੋਂ ਆਇਆ ਬਾਬਾ ਲੋਧੀ ਛੇ ਟੰਗਾਂ ਪਰ
ਇੱਕੋ ਬੋਦੀ (ਤੱਕੜੀ)

ਸਮਾਂ ਬਦਲ ਰਿਹਾ ਹੈ। ਕੁਝ ਪੇਂਡੂ ਚੀਜ਼ਾਂ ਤਾਂ ਲੋਪ ਹੀ ਹੋ ਰਹੀਆਂ ਹਨ। ਜਾਂ ਅਜਾਇਬ ਘਰਾਂ ਵਿੱਚ ਹੀ ਹਨ। ਨਵੀਂ ਪੀੜ੍ਹੀ ਬਿਲਕੁਲ ਨਹੀ ਜਾਣਦੀ ਜਾਂ ਘੱਟ ਜਾਣਦੀ ਹੈ ਜਿਵੇਂ ਹੁੱਕਾ, ਹਲਟ, ਟਿੰਡਾਂ, ਘੁਲਾੜੀ, ਕਮਾਦ, ਗੁੜ ਗਹੀਰਾ, ਚਾਟੀ, ਅੱਕ ਆਦਿ। ਪਰ ਪੁਰਾਣੀਆਂ ਬਾਤਾਂ ਵਿੱਚ ਇਨ੍ਹਾਂ ਦੀ ਤਸਵੀਰ ਵਧੀਆ ਹੁੰਦੀ ਹੈ।

* ਅੱਗ ਲੱਗੀ ਜਗਰਾਵੀਂ, ਧੂੰਆਂ
ਨਿਕਲੇ ਬੋਪਾਰਾਵੀਂ (ਹੁੱਕਾ)
* ਆਰ ਡਾਂਗਾਂ, ਪਾਰ ਡਾਂਗਾਂ, ਵਿੱਚ
ਟਲਮ ਟੱਲੀਆਂ
ਆਉਣ ਕੂੰਜਾਂ, ਦੇਣ ਗੇੜੇ, ਨਦੀ ਨਹਾਉਣ
ਚੱਲੀਆਂ (ਹਲਟ)
* ਅੰਬ ਅੰਬਾਲੇ ਦੇ, ਫੁੱਲ ਪਟਿਆਲੇ ਦੇ
ਰੂੰ ਜੋਧਪੁਰ ਦੀ ਤਿਲ ਅੰਬਰਸਰ ਦੇ
(ਅੱਕ)
* ਨੱਪ ਘੁੱਟ ਕੇ ਪਿਓ ਨੂੰ ਕੱਢਿਆ
ਫੇਰ ਬਣਾਇਆ ਭਾਈ,
ਖਿਚ ਖਿਚ ਕੇ ਪੁੱਤ ਜਮਾਇਆ
ਰਹਿ ਗਈ ਪਿੱਛੇ ਤਾਈ। (ਦੁੱਧ, ਦਹੀਂ, ਮੱਖਣ, ਲੱਸੀ)

ਕਈ ਬੁਝਾਰਤਾਂ ਦੇ ਉੱਤਰ ਵਧੀਆ ਨਹੀ ਹੁੰਦੇ। ਮਖੌਲੀਏ ਲੋਕ ਜਾਣਬੁੱਝ ਕੇ ਪੁੱਠੀ ਸਿੱਧੀ ਜਿਹੀ ਬਾਤ ਪਾ ਦਿੰਦੇ ਹਨ। ਉੱਤਰ ਵੀ ਪੁੱਠਾ-ਸਿੱਧਾ ਜਿਹਾ ਹੀ ਹੁੰਦਾ ਹੈ। ਉੱਤਰ ਦੱਸਦਿਆਂ ਵੀ ਸ਼ਰਮ ਆਉਂਦੀ ਹੈ।

ਅੱਜ ਦੀ ਗੱਲ ਕਰੀਏ। ਤਜਰਬੇ ਵਜੋਂ ਹੋਰ ਮੁਕਾ-ਬਲਿਆਂ ਵਾਂਗ +2 ਦੇ ਵਿਦਿਆਰਥੀਆਂ ਨੂੰ ਬੁਝਾਰਤਾਂ ਬਾਰੇ ਪੂਰੇ ਹਿੰਟ ਦੇ ਕੇ ਕੁਝ ਨਵੀਆਂ ਬੁਝਾਰਤਾਂ ਬਣਾ ਕੇ ਲਿਆਉਣ ਲਈ ਕਿਹਾ ਗਿਆ। ਨਤੀਜਾ ਉਤਸ਼ਾਹਜਨਕ ਰਿਹਾ। ਨਮੂਨੇ ਵਜੋਂ ਇੱਕ-ਦੋ:

* ਨਾ ਸਾਹ ਨਾ ਜਾਨ, ਗੱਲਾਂ ਕਰਦਾ
ਨਾਲ ਜਹਾਨ।
* ਮਿੱਟੀ ਘੱਟੇ ਫਿਰਦੇ ਨਾਲ
ਰਾਤੀ ਸੌਣ ਕਦੇ ਨਾ ਨਾਲ।
* ਪਰ ਨਾ ਹਲਾਵੇ, ਪਰ ਉਡਦਾ ਜਾਵੇ।
* ਹੁੱਜ ਮਾਰੋ ਤਾਂ ਗੀਤ ਸੁਣਾਵੇ
ਖ਼ਬਰਾਂ ਦੱਸੇ, ਮਨ ਪ੍ਰਚਾਵੇ।
* ਨੀਲੀ ਛੱਤ ’ਤੇ ਗੇਂਦਾਂ ਦੋ
ਵੱਡੀ ਆਵੇ ਤਾਂ ਛੋਟੀ ਗੋ
* ਇੱਕ ਬਾਬੇ ਦੇ ਬਾਰਾਂ ਪੁੱਤ
ਹਰ ਇੱਕ ਦੇ ਗਾਂਹ ਤੀਹ ਅੜੁੱਤ।
ਐਡੀ ਮੇਰੀ ਬਾਤ ਉੱਤੋਂ ਪੈ ਗਈ ਰਾਤ।
ਛੱਤਣਾ ਸੀ ਕੋਠਾ, ਛੱਤ ਲੀ ਸਵਾਤ।

**ਕੁਝ ਪੇਂਡੂ ਚੀਜ਼ਾਂ ਤਾਂ ਲੋਪ ਹੀ ਹੋ ਰਹੀਆਂ ਹਨ। ਜਾਂ ਅਜਾਇਬ ਘਰਾਂ ਵਿੱਚ ਹੀ ਹਨ। ਨਵੀਂ ਪੀੜ੍ਹੀ ਬਿਲਕੁਲ ਨਹੀਂ ਜਾਣਦੀ ਜਾਂ ਘੱਟ ਜਾਣਦੀ ਹੈ ਜਿਵੇਂ ਹੁੱਕਾ, ਹਲਟ, ਟਿੰਡਾਂ, ਘੁਲਾੜੀ, ਕਮਾਦ, ਗੁੜ ਗਹੀਰਾ, ਚਾਟੀ, ਅੱਕ ਆਦਿ। ਪਰ ਪੁਰਾਣੀਆਂ ਬਾਤਾਂ ਵਿੱਚ ਇਨ੍ਹਾਂ ਦੀ ਤਸਵੀਰ ਵਧੀਆ ਹੁੰਦੀ ਹੈ।**

# ਬੂਥੀ ਸੱਭਿਆਚਾਰ ਅਤੇ ਰੰਗਮੰਚ

ਇਸ ਵਾਰ ਜਦੋਂ ਮੈਂ ਆਪਣੀ ਨਾਟਕ ਟੀਮ ਸਮੇਤ ਮੁਕਤਸਰ ਦੇ ਮਾਘੀ ਮੇਲੇ ਵਿਚ ਆਪਣਾ ਨਾਟਕ 'ਸਵਾਲ ਦਰ ਸਵਾਲ' ਖੇਡਣ ਗਿਆ ਤਾਂ ਇਕ ਪਾਸੇ ਦਰਸ਼ਕਾਂ ਦਾ ਅਥਾਹ ਜੋਸ਼ ਤੇ ਵੱਡੀ ਗਿਣਤੀ ਦੇਖ ਕੇ ਮਨ ਖ਼ੁਸ਼ ਹੋਇਆ, ਪਰ ਦੂਜੇ ਪਾਸੇ ਇਕ ਅਜੀਬ ਵਰਤਾਰਾ ਪ੍ਰੇਸ਼ਾਨ ਕਰ ਰਿਹਾ ਸੀ। ਸ਼ਹਿਰ 'ਚ ਦਾਖਲ ਹੋਣ ਤੋਂ ਲੈ ਕੇ ਸਟੇਜ ਕੋਲ ਪਹੁੰਚਣ ਤਕ ਜਿੰਨੇ ਵੀ ਚੌਕ ਆਏ, ਉਨ੍ਹਾਂ 'ਤੇ ਅਨੇਕਾਂ ਛੋਟੇ ਵੱਡੇ ਆਕਾਰ ਦੀਆਂ ਤਸਵੀਰਾਂ ਵਾਲੇ ਫਲੈਕਸ ਲੱਗੇ ਹੋਏ ਸਨ ਅਤੇ ਇਨ੍ਹਾਂ ਵਿਚ ਮੰਤਰੀਆਂ, ਚੇਅਰਮੈਨਾਂ, ਮੌਜੂਦਾ ਤੇ ਸਾਬਕਾ ਮੁੱਖ ਮੰਤਰੀਆਂ ਦੇ ਚਿਹਰੇ ਨਜ਼ਰ ਆ ਰਹੇ ਸਨ। ਇਨ੍ਹਾਂ ਚਿਹਰਿਆਂ ਨੂੰ ਦੇਖਦਾ ਮੈਂ ਕੋਈ ਹੋਰ ਚਿਹਰੇ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਨਹੀਂ ਲੱਭੇ। ਨਾ ਕਿਤੇ ਭਾਈ ਮਹਾਂ ਸਿੰਘ ਦਿਖਾਈ ਦੇ ਰਿਹਾ ਸੀ ਤੇ ਨਾ ਹੀ ਮਾਈ ਭਾਗੋ ਨਜ਼ਰੀਂ ਪੈਂਦੀ ਸੀ। ਚਾਲੀ ਮੁਕਤਿਆਂ ਦੇ ਚਿਹਰਿਆਂ ਦੀ ਰੰਗਤ ਕਿਹੋ ਜਿਹੀ ਸੀ, ਇਸਨੂੰ ਦਰਸਾਉਣ ਲਈ ਕਿਤੇ ਕੋਈ ਯਤਨ ਨਹੀਂ ਸੀ ਕੀਤਾ ਹੋਇਆ। ਜਿਨ੍ਹਾਂ ਦੀ ਯਾਦ 'ਚ ਸਰਕਾਰ ਨੇ ਮੇਲਾ ਰਚਾਇਆ, ਓਹੀ ਬੈਨਰਾਂ, ਫਲੈਕਸਾਂ ਤੋਂ ਨਦਾਰਦ। ਦਿਖਾਈ ਦੇ ਰਹੀਆਂ ਹਨ ਤਾਂ ਸਿਰਫ਼ ਰਾਜਨੀਤਕ ਬੂਥੀਆਂ।

ਇਹ ਬੂਥੀਆਂ ਕਰ ਕੀ ਰਹੀਆਂ ਹਨ- ਸਵਾਗਤ, ਧੰਨਵਾਦ, ਮੁਬਾਰਕਾਂ! ਸਵਾਗਤ ਇਸ ਗੱਲ ਦਾ ਕਿ ਜਿਸ ਸ਼ਹਿਰ ਵਿਚ ਮੇਲੀ ਮੇਲਾ ਦੇਖਣ ਆਏ ਹਨ, ਉਸ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ, ਥਾਂ ਥਾਂ ਪਾਣੀ ਖੜ੍ਹਾ ਹੈ ਤੇ ਲੋਕ ਚਿੱਕੜ 'ਚ ਤੁਰ ਰਹੇ ਹਨ। ਧੰਨਵਾਦ ਇਸ ਗੱਲ ਦਾ ਕਿ ਜਨਤਾ ਨੇ ਸਭ ਕੁਝ ਅਣਗੌਲਿਆਂ ਕਰਕੇ ਫਿਰ ਉਨ੍ਹਾਂ ਨੂੰ ਮੌਕਾ ਦੇ ਦਿੱਤਾ ਹੈ। ਮੁਬਾਰਕਾਂ ਇਸ ਲਈ ਕਿ ਆਮ ਜਨਤਾ ਨੇ ਵੀ ਇਸ ਬੂਥੀ ਸੱਭਿਆਚਾਰ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਕ ਰੰਗਕਰਮੀ ਲਈ ਇਹ ਬੜਾ ਦੁਖਦਾਈ ਮੰਜ਼ਰ ਹੈ। ਸਾਰੇ ਮੇਲੇ ਵਿਚ ਇਕੋ ਇਕ ਮੰਚ ਹੈ ਜੋ ਮੁਕਤੀ ਦੇ ਰਾਹ ਦਾ ਹੋਕਾ ਦੇ ਰਿਹਾ ਹੈ। ਮੈਂ ਉਨ੍ਹਾਂ ਵੀਰਾਂ ਅੱਗੇ ਆਪਣੀ ਤਕਲੀਫ਼ ਰੱਖਦਾ ਹਾਂ ਤਾਂ ਉਹ 17 ਸਾਲ ਪਹਿਲਾਂ ਪੁੱਛੇ ਗਏ ਅਜਿਹੇ ਹੀ ਇਕ ਸਵਾਲ ਦੀ ਕਹਾਣੀ ਛੋਹ ਲੈਂਦੇ ਹਨ।

2002 ਦੀ ਗੱਲ ਹੈ। ਭਾਅ ਜੀ ਗੁਰਸ਼ਰਨ ਸਿੰਘ ਆਪਣੀ ਨਾਟਕ ਟੀਮ ਸਮੇਤ ਮੇਲੇ ਵਿਚ ਪਹੁੰਚੇ ਤਾਂ ਇਸੇ ਤਰਜ਼ 'ਤੇ ਬੂਥੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਭਾਅ ਨੇ ਸਵਾਲ ਪੁੱਛਿਆ, ਜਵਾਬ ਅੰਦਰ ਕੁਝ ਅਜਿਹਾ ਸੀ ਕਿ ਭਾਅ ਜੀ ਚੁੱਪ ਦੇ ਆਗੋਸ਼ ਵਿਚ ਚਲੇ ਗਏ। ਇਸ ਚੁੱਪ ਦੌਰਾਨ ਭਾਅ ਨੇ ਮਹਾਂ ਸਿੰਘ, ਮਾਈ ਭਾਗੋ ਤੇ ਹੋਰ ਮੁਕਤਿਆਂ ਸੰਗ ਸੰਵਾਦ ਰਚਾਇਆ। ਨਾਟਕਕਾਰ ਦੇ ਮਨ ਦੀ ਕਿਸੇ ਨੁੱਕਰ ਇਕ ਨਾਟਕ ਨੇ ਕਰਵਟ ਲਈ। ਉਸੇ ਸ਼ਾਮ ਉਹ ਕਾਗਜ਼ ਕਲਮ ਲੈ ਕੇ ਬਹਿ ਗਏ ਤੇ ਅੱਧੀ ਰਾਤ ਤੋਂ ਪਹਿਲਾਂ ਨਾਟਕ ਲਿਖ ਮਾਰਿਆ 'ਬੂਥੀਆਂ'। ਅੰਦਰ ਜਾਗੀ ਖਿਝ ਤੋਂ ਥੋੜ੍ਹੀ ਰਾਹਤ ਮਿਲੀ, ਪਰ ਅਗਲੀ ਵੱਡੀ ਸਵੇਰ ਬਾਬਾ ਜਾਗ ਪਿਆ ਤੇ ਤੜਕੇ ਚਾਰ ਵਜੇ ਰੰਗਮੰਚ ਦੀ ਧੂਣੀ ਮਘਾ ਲਈ। ਕਲਾਕਾਰਾਂ ਨੂੰ ਉਠਾਇਆ ਗਿਆ। ਹੜਬੜਾਏ ਅੱਖਾਂ ਮਲਦੇ ਰੰਗਕਰਮੀ ਬਾਬੇ ਦੇ ਸਾਹਮਣੇ ਖੜ੍ਹੇ ਸਨ। ਤਾਜ਼ਾ ਸਕਰਿਪਟ ਦੇ ਪੰਨੇ ਸਿੱਧੇ ਕੀਤੇ ਤੇ ਭਾਅ ਦੀ ਡੂੰਘੀ ਆਵਾਜ਼ ਪ੍ਰਭਾਤ ਦੇ ਮੱਧਮ ਹਨੇਰੇ ਨੂੰ ਚੀਰਦੀ ਹੋਈ ਨਵੀਂ ਸਵੇਰ ਦੀ ਲੋਅ ਬਣ ਚਾਰੇ ਪਾਸੇ ਫੈਲ ਗਈ। ਬਾਬਾ ਬੋਲ ਰਿਹਾ ਸੀ, ਕਲਾਕਾਰ ਟਿਕਟਿਕੀ ਲਾ ਕੇ ਉਸ ਵੱਲ ਦੇਖ ਰਹੇ ਸਨ। ਇਕ ਇਕ ਸ਼ਬਦ ਨੂੰ ਨਾਲੋ ਨਾਲ ਅੰਦਰ ਜ਼ੀਰ ਰਹੇ ਸਨ ਕਿਉਂਕਿ ਉਹ ਬਾਬੇ ਦੀ ਰਗ ਰਗ ਪਛਾਣਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਅਗਲਾ ਹੁਕਮ ਕੀ ਆਉਣਾ ਹੈ। ਸਟੇਜ ਗਿਆਰਾਂ ਵਜੇ ਆਰੰਭ ਹੋਣੀ ਸੀ ਤੇ ਇਸ ਤਤਕਾਲੀ ਸਿਰਜਣਾ ਨੂੰ ਰੰਗਮੰਚੀ ਜਾਮਾ ਪਹਿਨਾਉਣ ਦੀ ਤਿਆਰੀ ਕਰਨ ਲਈ ਉਨ੍ਹਾਂ ਕੋਲ ਸਿਰਫ਼ ਸੱਤ ਘੰਟੇ ਸਨ। ਇਹੋ ਜਿਹੇ ਮੌਕੇ ਜੇ ਕੋਈ ਕਲਾਕਾਰ ਭਾਅ ਦੇ ਸਾਹਮਣੇ ਸਵਾਲ ਖੜ੍ਹਾ ਕਰ ਦਿੰਦਾ ਕਿ ਇੰਨੇ ਥੋੜ੍ਹੇ ਸਮੇਂ ਵਿਚ ਨਾਟਕ ਕਿਵੇਂ ਤਿਆਰ ਹੋ ਜਾਊ? ਤਾਂ ਭਾਅ ਦਾ ਪਾਰਾ ਸੱਤ ਅਸਮਾਨੀਂ ਚੜ੍ਹ ਜਾਂਦਾ ਸੀ ਤੇ ਉਹ ਅਜਿਹੇ ਵਕਤ ਇਕ ਸੰਵਾਦ ਉਚਾਰਦੇ ਸਨ, 'ਇਹ ਮੇਰੇ ਲਈ ਜ਼ਿੰਦਗੀ ਮੌਤ ਦਾ ਸਵਾਲ ਐ, ਮੈਂ ਇਹ ਗੱਲ ਕਹਿਣੀ ਏ ਤਾਂ ਕਹਿਣੀ ਏ, ਅੱਜ ਹੀ ਕਹਿਣੀ ਏ।' ਕਲਾਕਾਰਾਂ ਨੇ ਸਕਰਿਪਟ ਫੜੀ, ਰੋਲ ਵੰਡੇ ਗਏ ਤੇ ਸ਼ੁਰੂ ਹੋ ਗਈ ਇਕ ਨਿਆਰੀ ਜੰਗ!

ਜਮੂਰਾ ਰੰਗ ਬੰਨ੍ਹ ਰਿਹਾ ਸੀ, ਬਾਕੀ ਕਲਾਕਾਰ ਢੋਲਕ ਦੀ ਥਾਪ 'ਤੇ ਨੱਚਦੇ ਹੋਏ ਬੂਥੀ ਬੂਥੀ ਦਾ ਦੁਹਰਾਓ ਕਰਦੇ। ਦਰਸ਼ਕ ਸਮਝ ਗਏ ਸਨ ਕਿ ਅੱਜ ਬਾਬਾ ਕਿਸਦੀ ਹਿੱਕ 'ਚ ਵੱਜਣ ਲੱਗਾ ਹੈ। ਇਕ ਕਲਾਕਾਰ ਸਵਾਲ ਉਠਾਉਂਦਾ, 'ਇਹ ਕੌਣ ਨੇ ਜਿਨ੍ਹਾਂ ਦੀਆਂ ਬੂਥੀਆਂ ਸ਼ਹਿਰ ਦੀਆਂ ਕੰਧਾਂ 'ਤੇ ਲੱਗੀਆਂ ਹੋਈਆਂ ਹਨ?' ਬਾਕੀ ਜਵਾਬ ਦਿੰਦੇ, 'ਇਹ ਨੇ ਮੰਤਰੀਆਂ ਦੀਆਂ ਬੂਥੀਆਂ, ਇਹ ਨੇ ਚੌਧਰੀਆਂ ਦੀਆਂ ਬੂਥੀਆਂ।' ਜਮੂਰਾ ਫਿਰ ਸਵਾਲ ਕਰਦਾ, 'ਇਨ੍ਹਾਂ ਦਾ ਯੋਗਦਾਨ ਕੀ ਏ?' ਜਵਾਬ 'ਚ ਭਾਅ ਦਾ ਅੰਦਾਜ਼ ਗੂੰਜਦਾ, 'ਇਨ੍ਹਾਂ ਦਾ ਯੋਗਦਾਨ ਇਹੀ ਏ ਕਿ ਪਿਛਲੇ ਦਹਾਕਿਆਂ 'ਚ ਇਨ੍ਹਾਂ ਗ਼ਰੀਬੀ ਵਧਾਉਣ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ, ਬੇਰੁਜ਼ਗਾਰਾਂ ਦੀਆਂ ਲੰਮੀਆਂ ਕਤਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ, ਰਿਸ਼ਵਤਖੋਰੀ ਦੇ ਨਵੇਂ ਮਿਆਰ ਸਿਰਜ ਦਿੱਤੇ ਹਨ, ਇਨ੍ਹਾਂ ਬੂਥੀਆਂ ਨੇ ਦੇਸ਼ ਵੇਚ ਦਿੱਤਾ ਏ।' ਲੋਕ ਪੱਖੀ ਰੰਗਮੰਚ ਦੇ ਜਾਗਦੇ ਹੋਣ ਦਾ ਮੰਜ਼ਰ ਦੇਖ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜਮੂਰਾ ਫੇਰ ਬੂਥੀ ਬੂਥੀ ਦਾ ਅਲਾਪ ਛੇੜਦਾ ਹੈ ਤੇ ਤਨਜ਼ ਵਾਲੀ ਸੁਰ ਨੂੰ ਭਾਵੁਕ ਸੁਰ ਵਿਚ ਤਬਦੀਲ ਕਰਦਾ ਹੈ। ਉਸਦਾ ਸਵਾਲ ਦੂਰ ਤਕ ਸੁਣਾਈ ਦਿੰਦਾ ਹੈ, 'ਉਹ ਚਿਹਰੇ ਕਿੱਥੇ ਹਨ ਜਿਨ੍ਹਾਂ ਸੀਸ ਤਲੀ 'ਤੇ ਟਿਕਾਏ ਸਨ, ਉਹ ਕਿੱਥੇ ਹਨ ਜਿਨ੍ਹਾਂ ਬੇਦਾਵਾ ਪਾਟਣ ਤੋਂ ਬਾਅਦ ਜੋਸ਼ ਨਾਲ ਭਰ ਕੇ ਵੈਰੀ ਨੂੰ ਲਲਕਾਰਿਆ ਸੀ ਤੇ ਮੁਕਤੀ ਦਾ ਮਾਰਗ ਲੱਭਿਆ ਸੀ, ਉਹ ਮਾਣ ਨਾਲ ਦਹਿਕਦਾ ਚਿਹਰਾ ਕਿੱਥੇ ਐ ਜਿਹਦੀ ਇਕ ਵੰਗਾਰ ਨੇ ਸੁੱਤੇ ਪਏ ਸਿੰਘਾਂ ਨੂੰ ਜਾਗੋ ਸੁਣਾਈ ਸੀ ਤੇ ਰਣ ਤੱਤੇ 'ਚ ਆਪਣੇ ਜਰਨੈਲ ਨੂੰ ਪਿੱਠ ਦੇ ਕੇ ਆਉਣ ਵਾਲਿਆਂ ਨੂੰ ਫਿਟਕਾਰਾਂ ਪਾਈਆਂ ਸਨ, ਕਿੱਥੇ ਐ ਮਾਈ ਭਾਗੋ ਜਿਹਨੇ ਵੰਗਾਂ ਲਾਹ ਮਾਰੀਆਂ ਸਨ ਤੇ ਕਿਰਪਾਨ ਚੁੱਕੀ ਸੀ?' ਮੰਚ ਤੋਂ ਸਵਾਲਾਂ ਦੀ ਝੜੀ ਲਾ ਦਿੱਤੀ ਹੈ, ਭਾਅ ਜਜ਼ਬਾਤੀ ਹੋ ਗਏ ਤੇ ਰੋਹ ਭਿੱਜੀ ਆਵਾਜ਼ ਬੁਲੰਦ ਕਰਦੇ ਹਨ, 'ਮੇਰਾ ਨੌਜਵਾਨ ਇਨ੍ਹਾਂ ਬੂਥੀਆਂ ਤੋਂ ਕੀ ਪ੍ਰੇਰਣਾ ਲਏਗਾ, ਉਹਨੂੰ ਉਨ੍ਹਾਂ ਚਿਹਰਿਆਂ ਤੋਂ ਦੂਰ ਕੀਤਾ ਜਾ ਰਿਹਾ ਹੈ ਜੋ ਪ੍ਰੇਰਣਾ ਦੇ ਸਕਦੇ ਨੇ! ਕੀ ਅਸੀਂ ਚੁੱਪਚਾਪ ਇਨ੍ਹਾਂ ਬੂਥੀਆਂ ਵੱਲ ਦੇਖਦੇ ਰਹਾਂਗੇ, ਕੀ ਅਸੀਂ ਕੁਝ ਵੀ ਕਰਨ ਦੇ ਸਮਰੱਥ ਨਹੀਂ ਆਂ।' ਕਲਾਕਾਰ ਭਾਅ ਜੀ ਦੇ ਜਜ਼ਬਾਤੀ ਬੋਲਾਂ ਨੂੰ ਅੱਗੇ ਤੋਰਦੇ ਹਨ ਤੇ ਨਗਾਰੇ 'ਤੇ ਆਖਰੀ ਚੋਟ ਮਾਰਦੇ ਹਨ, 'ਇਨ੍ਹਾਂ ਬੂਥੀਆਂ ਦਾ ਕੀ ਕੀਤਾ ਜਾਵੇ?' ਬਾਕੀ ਕਲਾਕਾਰ ਜਵਾਬ ਦੇਣ ਲਈ ਅੱਗੇ ਆਉਂਦੇ ਹਨ, ਬਾਗੀ ਸੁਰ ਪ੍ਰਚੰਡ ਹੁੰਦੀ ਹੈ, 'ਲਾਹ ਦਿਓ ਇਹ ਬੂਥੀਆਂ, ਪਾੜ ਦਿਓ ਇਹ ਬੂਥੀਆਂ!' ਪੰਡਾਲ ਇਸ ਜਵਾਬ ਨੂੰ ਦੁਹਰਾਉਣ ਲੱਗ ਪਿਆ ਤੇ ਹਜ਼ਾਰਾਂ ਦੀ ਗਰਜਦੀ ਆਵਾਜ਼ ਨੇ ਸ਼ਹਿਰ ਦੀਆਂ ਕੰਧਾਂ 'ਤੇ ਲੱਗੀਆਂ ਬੂਥੀਆਂ ਨੂੰ ਕੰਬਣੀ ਛੇੜ ਦਿੱਤੀ। ਰੰਗਮੰਚ ਆਪਣੀ ਮੁਕੰਮਲ ਤਾਕਤ ਸਮੇਤ ਆਪਣਾ ਫਰਜ਼ ਨਿਭਾ ਕੇ ਤਸੱਲੀ ਮਹਿਸੂਸ ਕਰਦਾ ਹੈ। ਅੱਜ ਜਦੋਂ ਨਕਾਬ ਹੇਠ ਲੁਕੀਆਂ ਬੂਥੀਆਂ ਸਾਡੀ ਹੋਂਦ ਖ਼ਤਮ ਕਰਨ ਦੀਆਂ ਧਮਕੀਆਂ ਦੇ ਰਹੀਆਂ ਹਨ ਤੇ ਆਦਮ ਬੋ ਆਦਮ ਬੋ ਕਰਦੀਆਂ ਫਿਰ ਰਹੀਆਂ ਹਨ ਤਾਂ ਲੋੜ ਹੈ ਕਿ ਇਕ ਵਾਰ ਫੇਰ ਇਨ੍ਹਾਂ ਬੂਥੀਆਂ ਨੂੰ ਵੰਗਾਰਿਆ ਜਾਵੇ ਕਿ ਲੋਕ ਜਾਗ ਪਏ ਹਨ ਤੇ ਉਹ ਬੂਥੀਆਂ ਉਤਾਰ ਵੀ ਸਕਦੇ ਹਨ, ਨਕਾਬ ਪਾੜ ਵੀ ਸਕਦੇ ਹਨ। ਰੰਗਮੰਚ ਆਪਣਾ ਫਰਜ਼ ਸਮਝਦਾ ਹੈ ਤੇ ਸਵਾਲ ਦਰ ਸਵਾਲ ਉਠਾਉਣ ਲਈ ਤਿਆਰ ਹੈ।

# ਵਿਰਸੇ ਦੀ ਰੂਹ ਲੰਮੀ ਹੇਕ ਵਾਲੇ ਗੀਤ



ਥੀਏਟਰ ਵਿਚ ਪੰਜਾਬੀ ਫ਼ਿਲਮ ਲੱਗੀ ਹੋਈ ਸੀ। ਅਸੀਂ ਫ਼ਿਲਮ ਦੇਖਣ ਚਲੇ ਗਏ। ਪੁਰਾਣੇ ਸਮੇਂ ਦੇ ਵਿਆਹ ਦਾ ਦ੍ਰਿਸ਼ ਫ਼ਿਲਮਾਇਆ ਜਾਣਾ ਸੀ। ਜ਼ਰੂਰਤ ਅਨੁਸਾਰ ਸਾਰਾ ਪ੍ਰਬੰਧ ਕੀਤਾ ਗਿਆ ਸੀ। ਕੱਚਾ ਲਿੱਪਿਆ ਸੁਆਰਿਆ ਘਰ, ਮੰਜੇ ਜੋੜ ਕੇ ਕੋਠੇ 'ਤੇ ਸਪੀਕਰ ਟੰਗਿਆ ਹੋਇਆ, ਬੂੰਦੀ ਦੇ ਕੜਾਹੇ ਦੇ ਦੁਆਲੇ ਬਾਣ ਦੇ ਮੰਜਿਆਂ 'ਤੇ ਬੈਠੇ ਲੱਡੂ ਵੱਟਦੇ ਹੋਏ ਆਦਮੀ, ਰੰਗ ਬਿਰੰਗੀਆਂ ਝੰਡੀਆਂ ਅਤੇ ਪੇਂਡੂ ਦਿੱਖ ਵਾਲਾ ਮੇਲ ਆਦਿ। ਗੀਤ ਸੰਗੀਤ ਦਾ ਸਿਲਸਿਲਾ ਸ਼ੁਰੂ ਹੋਇਆ। ਪੰਦਰਾਂ ਵੀਹ ਕੁੜੀਆਂ ਬੁੜ੍ਹੀਆਂ ਬੈਠੀਆਂ ਇਕ ਲੰਮੀ ਹੇਕ ਵਾਲੇ ਗੀਤ ਨੂੰ ਗਾਉਣ ਦੀ ਕੋਸ਼ਿਸ਼ ਕਰਦੀਆਂ ਉਸ ਦਾ ਕਬਾੜਾ ਕਰ ਰਹੀਆਂ ਸਨ। ਕਿਤੋਂ ਗੀਤ ਦੀ ਲੱਤ ਫੜਦੀਆਂ ਕਿਤੋਂ ਬਾਂਹ, ਨਾ ਕੋਈ ਸੁਰ ਨਾ ਕੋਈ ਤਾਲ ਸਭ ਕੁਝ ਬੇਹਾਲ। ਉਂਜ ਉਹ ਸਿਰਾਂ 'ਤੇ ਸੱਗੀਆਂ ਗੁੰਦ ਕੇ, ਫੁਲਕਾਰੀਆਂ ਲੈ ਕੇ ਅਤੇ ਲਹਿੰਗੇ ਨੁਮਾ ਘੱਗਰੇ ਪਾ ਕੇ ਪੂਰੀਆਂ ਮੇਲਣਾਂ ਲੱਗਦੀਆਂ ਸਨ। ਲੋਕ ਗੀਤਾਂ ਦੀ ਇਹ ਦੁਰਦਸ਼ਾ ਦੇਖ ਕੇ ਮਨ ਉਦਾਸ ਹੋ ਗਿਆ। ਫ਼ਿਲਮ ਛੱਡ ਦਿਮਾਗ਼ ਅਤੀਤ ਵਿਚ ਜਾ ਕੇ ਲੰਮੀਆਂ ਹੇਕਾਂ ਵਾਲੇ ਗੀਤਾਂ ਨਾਲ ਜਾ ਜੁੜਿਆ। ਮੇਰੀਆਂ ਅੱਖਾਂ ਸਾਹਮਣੇ ਇਨ੍ਹਾਂ ਗੀਤਾਂ ਦੀਆਂ ਗਾਇਕਾਵਾਂ ਮੇਰੀ ਬੀਬੀ, ਚਾਚੀਆਂ, ਤਾਈਆਂ, ਮਾਸੀਆਂ ਸਭ ਇੰਨ੍ਹ ਬਿੰਨ੍ਹ ਹਾਜ਼ਰ ਹੋ ਗਈਆਂ।

ਵੱਡੇ ਭਰਾ ਦਾ ਵਿਆਹ ਸੀ। ਸਵੇਰੇ ਮੂੰਹ ਨ੍ਹੇਰੇ ਮੇਰੀ ਜਾਗ ਇਕ ਮਿੱਠੇ ਜਿਹੇ ਗੀਤ ਦੇ ਬੋਲ ਕੰਨੀਂ ਪੈਣ ਨਾਲ ਖੁੱਲ੍ਹੀ। ਮੇਰੀ ਬੀਬੀ ਅਤੇ ਮਾਮੀ ਲੰਮੀ ਹੇਕ ਵਾਲਾ ਗੀਤ ਗਾ ਰਹੀਆਂ ਸਨ :

ਉੱਪਰ ਤਾਂ ਵਾੜੇ ਤੈਨੂੰ ਸੱਦ ਹੋਈ ਸਾਲੂ ਵਾਲੀਏ ਨੀਂ ਆ ਕੇ ਤਾਂ ਸਾਹਾ ਨੀਂ ਸੁਧਾ, ਦਿਲਾਂ ਦੇ ਵਿਚ ਵਸ ਰਹੀਏ।

ਸਾਹਾ ਸੁਧਾਵਣ ਤੇਰੀਆਂ ਮਾਮੀਆਂ ਚੀਰੇ ਵਾਲਿਆ ਵੇ ਜਿਨ੍ਹਾਂ ਦੇ ਮਨ ਵਿਚ ਚਾਅ, ਦਿਲਾਂ ਦੇ ਵਿਚ ਵਸ ਰਹੀਏ।

ਲੰਮੀ ਹੇਕ ਵਾਲਾ ਗੀਤ ਗਾਉਣ ਲਈ ਕਾਫ਼ੀ ਅਭਿਆਸ ਦੀ ਜ਼ਰੂਰਤ ਹੁੰਦੀ ਹੈ। ਗਾਉਣ ਵਾਲੀਆਂ ਦਾ ਸਾਹ ਲੰਮੇਰਾ ਅਤੇ ਟਿਕਾਊ ਹੋਣਾ ਚਾਹੀਦਾ ਹੈ। ਚਿਹਰੇ ਦੇ ਹਾਵ ਭਾਵ ਅਤੇ ਆਵਾਜ਼ ਗੀਤ ਦਾ ਪ੍ਰਭਾਵ ਸਿਰਜਦੇ ਹੋਣ। ਦੋ ਦੋ ਔਰਤਾਂ ਦੀਆਂ ਜੋੜੀਆਂ ਇਹ ਗੀਤ ਰਲ ਕੇ ਗਾਉਂਦੀਆਂ ਹਨ। ਗੀਤ ਦੀਆਂ ਮਾਹਿਰ ਔਰਤਾਂ ਗੀਤ ਸ਼ੁਰੂ ਕਰਦੀਆਂ ਹਨ ਅਤੇ ਦੂਜੀ ਜੋੜੀ ਉਨ੍ਹਾਂ ਲਾਈਨਾਂ ਨੂੰ ਦੁਹਰਾਉਂਦੀ ਹੈ। ਇਸੇ ਤਰ੍ਹਾਂ ਵਾਰੀ ਸਿਰ ਗਲੇ ਦੀ ਕਸਰਤ ਨਾਲ ਗੀਤ ਪ੍ਰਵਾਨ ਚੜ੍ਹਦਾ ਹੈ। ਗਾਇਕਾਵਾਂ ਪੂਰੀ ਤਰ੍ਹਾਂ ਗੀਤ ਵਿਚ ਰਮ ਜਾਂਦੀਆਂ ਹਨ। ਕਈ ਗੀਤਾਂ ਵਿਚ ਤਾਂ ਤਿੰਨ ਜਾਂ ਚਾਰ ਸਤਰਾਂ ਹੁੰਦੀਆਂ ਹਨ :

ਕੋਈ ਮੇਰੇ ਗੂੰਗੇ ਨੂੰ ਕੁੜਤਾ ਸਵਾ ਦਿਓ ਨੀਂ, ਨੀਂ ਭੇੜਾ ਨੰਗੇ ਗਲ ਫਿਰਦਾ, ਇਨ੍ਹਾਂ ਮਾਪਿਆਂ ਦਾ ਕੀ ਗਿਆ ਨੀਂ ਸਹੇੜ ਗੂੰਗਾ ਲਿਆ ਨੀਂ, ਨਾਈਆਂ ਡੂਮਾਂ ਦਾ ਕੀ ਗਿਆ ਨੀਂ ਚਟੱਕ ਪੈਸਾ ਲਿਆ, ਨੀਂ ਮੈਂ ਗੂੰਗੇ ਦੇ ਨਾਲ ਨਾ ਜਾਵਾਂ ਨੀਂ ਕੁੜੀਓ, ਨੀਂ ਮੈਂ ਗੂੰਗੇ ਨੂੰ ਵੇਚਣ ਜਾਣਾ ਨੀਂ ਕੁੜੀਓ।

ਇਹੋ ਜਿਹੇ ਹਾਸਰਸ ਭਰਪੂਰ ਪਰ ਗੁੰਝਲਦਾਰ ਗੀਤ ਵਿਚ ਵੀ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਕਦੋਂ ਸਾਹ ਲਿਆ ਗਿਆ ਹੈ। ਅਨਪੜ੍ਹ ਹੁੰਦਿਆਂ ਹੋਇਆਂ ਅਤੇ ਬਿਨਾਂ ਕਿਸੇ ਖ਼ਾਸ ਸਿਖਲਾਈ ਤੋਂ ਉਹ ਪੂਰੀ ਸ਼ਿੱਦਤ ਨਾਲ ਕੌਮਾ, ਡੰਡੀ ਦੇ ਸਥਾਨ 'ਤੇ ਰੁਕ ਕੇ ਗੀਤ ਨੂੰ ਪੂਰਾ ਕਰਦੀਆਂ ਸਨ। ਲਾਈਨ ਦੇ ਅੰਤ 'ਤੇ 'ਵੇ ਹੇ' ਦੀ ਲੰਮੀ ਧੁਨੀ ਕੱਢੀ ਜਾਂਦੀ।

ਮਾਲਵੇ ਦੇ ਦੱਖਣੀ ਇਲਾਕੇ ਵਿਚ ਪਾਣੀ ਦੀ ਡਾਢੀ ਕਿੱਲਤ ਸੀ। ਮੁਟਿਆਰਾਂ ਨੂੰ ਪਾਣੀ ਖੂਹ ਤੋਂ ਭਰਨਾ ਪੈਂਦਾ ਸੀ। ਉਹ ਪਾਣੀ ਦੇ ਭਰੇ ਹੋਏ ਦੋ ਦੋ ਘੜੇ ਚੁੱਕ ਕੇ ਮੋਰਾਂ ਦੀ ਤੋਰ ਤੁਰਦੀਆਂ ਹੋਈਆਂ ਨਿੱਤ ਨਵੇਂ ਗੀਤ ਸਿਰਜਦੀਆਂ:

ਸਿਰ ਮੇਰੇ 'ਤੇ ਸੱਗੀ ਨੀਂ ਮੈਂ ਸੱਗੀ ਭਿੱਜਣ ਤੋਂ ਡਰਦੀ ਨੀਂ, ਮੇਰੀ ਸੱਸ ਕੁਪੱਤੀ ਲੜਦੀ ਨੀਂ ਮੈਨੂੰ ਇਕੋ ਘੜਾ ਇਕੋ ਘੜਾ ਭਰ ਲੈਣ ਦਿਓ ਕੁੜੀਓ।'

ਮਾਲਵੇ ਵਿਚ ਪੁਰਾਣੇ ਸਮੇਂ ਦੇ ਵਿਆਹਾਂ ਵੇਲੇ ਸੱਤ ਦਿਨ ਪਹਿਲਾਂ ਹੀ ਗੀਤ ਬਿਠਾ ਲਏ ਜਾਂਦੇ। ਲਾਗਣ ਸਾਰੇ ਆਂਢ ਗੁਆਂਢ ਗੀਤਾਂ ਦਾ ਸੱਦਾ ਦੇ ਆਉਂਦੀ। ਗੁਆਂਢਣਾਂ ਮਿੱਥੇ ਸਮੇਂ 'ਤੇ ਵਿਆਹ ਵਾਲੇ ਘਰ ਪਹੁੰਚ ਜਾਂਦੀਆਂ। ਮੁੰਡੇ ਦਾ ਵਿਆਹ ਹੁੰਦਾ ਤਾਂ ਪਹਿਲਾਂ ਪੰਜ ਘੋੜੀਆਂ ਗਾਈਆਂ ਜਾਂਦੀਆਂ। ਜੇ ਕੁੜੀ ਦਾ ਵਿਆਹ ਹੁੰਦਾ ਤਾਂ ਪੰਜ ਸੁਹਾਗ ਗਾ ਕੇ ਫਿਰ ਲੰਮੀਆਂ ਹੇਕਾਂ ਵਾਲੇ ਗੀਤ ਸ਼ੁਰੂ ਕੀਤੇ ਜਾਂਦੇ ਸਨ। ਜਦੋਂ ਔਰਤਾਂ ਨੇ ਭਰਵੀਂ ਆਵਾਜ਼ ਵਿਚ ਗੀਤ ਗਾਉਣਾ :

ਖੂਹਾ ਵੀ ਗੇੜਿਆ ਸਿੰਘ ਜੀ ਪੱਤਣ ਵੀ ਭੇੜਿਆ ਵੇ, ਮੇਰੇ ਮਾਪਿਆਂ ਨੇ ਤੈਨੂੰ ਨਿੱਜ ਸਹੇੜਿਆ ਵੇ, ਦੂਤੀ ਤੇ ਦੁਸ਼ਮਣ ਤੇਰਾ ਵੇ ਕੋਈ ਜਾਗਦਾ ਨਾ ਹੋਵੇ ਵੇ ਹੇ। ਵਿਆਹ ਵਾਲੇ ਘਰ ਵਿਚ ਰੌਣਕ ਲੱਗ ਜਾਂਦੀ। ਮੁੰਡੇ ਦੇ ਵਿਆਹ ਦੇ ਗੀਤ ਮਿਲਾਪ ਵਾਲੇ ਅਤੇ ਕੁੜੀ ਦੇ ਵਿਆਹ ਦੇ ਗੀਤ ਵੈਰਾਗਮਈ ਹੁੰਦੇ ਸਨ। ਗਾਇਕਾਵਾਂ ਗੀਤ ਦੇ ਸੁਭਾਅ ਅਨੁਸਾਰ ਆਪਣੇ ਹਾਵ ਭਾਵ ਬਦਲ ਲੈਂਦੀਆਂ। ਗੀਤਾਂ ਦਾ ਅਮੁੱਕ ਸਿਲਸਿਲਾ ਦੇਰ ਰਾਤ ਤਕ ਚੱਲਦਾ ਰਹਿੰਦਾ। ਨਾ ਉਹ ਥੱਕਦੀਆਂ ਅਤੇ ਨਾ ਹੀ ਅੱਕਦੀਆਂ। ਸਾਡਾ ਮਾਵਾਂ ਧੀਆਂ ਦਾ ਰਲਕੇ ਗਾਇਆ ਮਾਂ ਦੀ ਪਸੰਦ ਦਾ ਇਹ ਗੀਤ ਮੇਰੇ ਦਿਲ ਨੂੰ ਬੜਾ ਸਕੂਨ ਦਿੰਦਾ ਹੈ :

ਜੰਮੂ ਦੀ ਨੌਕਰੀ ਜਾਂਦਿਆ ਵੇ ਚੀਕੂ ਖਾਂਦਿਆਂ ਵੇ ਚੀਕੂ ਤੇਰਾ ਸੀ ਮਿੱਠਾ,
ਆਖਿਓ ਸਖੀਓ ਸਹੇਲੜੀਓ ਕਿਤੇ ਜਾਂਦੇ ਵੀ ਡਿੱਠਾ।
ਡਿੱਠਾ ਸੀ ਭੈਣੇ ਡਿੱਠਾ ਨੀਂ ਸਾਡੇ ਕੋਲ ਸੀ ਬੈਠਾ,
ਹੱਥ ਦੋਤਾਰਾ ਰੰਗਲਾ ਨੀਂ ਮੁਖੋਂ ਬੋਲਦਾ ਮਿੱਠਾ।
ਜੰਮੂ ਦੀ ਨੌਕਰੀ ਜਾਂਦਿਆ ਵੇ ਚੀਕੂ ਖਾਂਦਿਆਂ ਵੇ ਸਿਰ ਫੁੱਲਾਂ ਦੀ ਖਾਰੀ,
ਆਖਿਓ ਰਾਜ ਮਹੈਮ ਨੂੰ ਜੀ ਘਰ ਭੈਣ ਕੁਆਰੀ।
ਭੈਣ ਕੁਆਰੀ ਨਾ ਰਹੇ ਨੀਂ ਵੱਡੇ ਦਾਦੇ ਦੀ ਪੋਤੀ,
ਦਾਜ ਬਣਾਦੂੰ ਰੰਗਲਾ ਮੈਂ ਜੜੇ ਮਾਣਕ ਮੋਤੀ।
ਬਹੁਤੀਆਂ ਦੌਲਤਾਂ ਵਾਲਿਆ ਵੇ ਤੂੰ ਨਾ ਰਮਜ਼ ਪਛਾਣੇ,
ਭੈਣ ਉਡੀਕੇ ਭਾਈ ਨੂੰ ਵੇ ਕਦੋਂ ਮੁੜ ਘਰ ਆਵੇ।
ਜੰਮੂ ਦੀ ਨੌਕਰੀ ਜਾਂਦਿਆ ਵੇ ਚੀਕੂ ਖਾਂਦਿਆਂ ਵੇ ਸਿਰ ਦਹੀਆਂ ਦੀ ਚਾਟੀ,
ਆਖਿਓ ਰਾਜ ਮਹੈਮ ਨੂੰ ਜੀ ਗਲ ਚੋਲੜੀ ਪਾਟੀ।
ਚੋਲੜੀ ਪਾਟੀ ਨਾ ਰਹੇ ਨੀਂ ਚੋਲੀ ਹੋਰ ਸੰਵਾਵਾਂ,
ਸੌ ਸੱਠ ਮੇਰੇ ਮਿੱਤਰ ਨੀਂ ਚੋਲੀ ਲੈ ਗਲ ਪਾਵਾਂ।
ਮਿੱਤਰਾਂ ਦੇ ਸਿਰ ਛਿੱਤਰ ਵੇ ਜਿਹੜੇ ਤੇਰੇ ਨੇ ਭਾਈ,
ਉਠ ਜੁੰਗੀ ਸਰਵਣ ਪੇਕੜੇ ਵੇ ਚੋਲੀ ਲੈ ਗਲ ਪਾਈ।
ਜੰਮੂ ਦੀ ਨੌਕਰੀ ਜਾਂਦਿਆ ਵੇ ਚੀਕੂ ਖਾਂਦਿਆਂ ਵੇ ਤੈਨੂੰ ਸਮਝ ਨਾ ਆਈ,
ਜਿੰਦ ਅਸਾਡੀ ਰੋਲ ਕੇ ਵੇ ਲਈ ਸਾਰ ਨਾ ਕਾਈ।
ਹੁਣ ਕਿਉਂ ਝੂਰੇਂ ਗੋਰੀਏ ਨੀਂ ਰੋਗ ਆਪੇ ਸਹੇੜੇ, ਜੋਗੀ ਫੇਰੀ ਪਾਊਗਾ ਨੀਂ ਕਦੇ ਤੇਰੇ ਵੀ ਵੇਹੜੇ।

# ਗੁੜ ਦੀਆਂ ਮਿੱਠੀਆਂ ਯਾਦਾਂ



ਘੁਲਾੜੀਆਂ ਚੱਲਣ ਦੀ ਰੁੱਤ ਆ ਜਾਂਦੀ, ਸਾਨੂੰ ਚਾਅ ਚੜ੍ਹ ਜਾਂਦਾ। ਪਿੰਡ ਦੀ ਘੁਲਾੜੀ ਸਾਂਝੀ ਸ਼ਾਮਲਾਤ ਥਾਂ 'ਤੇ ਗੱਡ ਲਈ ਜਾਂਦੀ। ਕੋਈ ਲਾਣੇਦਾਰ ਇਸ ਘੁਲਾੜੀ ਦਾ ਜ਼ਿੰਮੇਵਾਰ ਹੁੰਦਾ। ਇਹ ਘੁਲਾੜੀ ਸਭ ਦੀ ਸਾਂਝੀ ਹੁੰਦੀ। ਘੁਲਾੜੀ ਵਾਲੇ ਬਜ਼ੁਰਗ ਨੂੰ ਹਰ ਕੋਈ ਸਤਿਕਾਰਦਾ। ਇਕ-ਦੂਜੇ ਦਾ ਹੱਥ ਵਟਾਉਣ ਲਈ ਆਬਤ ਲਾਈ ਜਾਂਦੀ। ਪਿੰਡ ਜਿਵੇਂ ?ਜੁੜ ਜਾਂਦਾ, ਗੁੜ ਦੀ ਭੇਲੀ ਵਾਂਗ।

ਸਾਡੇ ਪਿੰਡ ਦੇ ਵੱਡੇ ਦਰਵਾਜ਼ੇ ਵਾਲੇ ਪਾਸੇ ਗੁਰਬਖਸ਼ੇ ਜੱਟ ਦੇ ਬਾੜੇ ਵਿਚ ਘੁਲਾੜੀ ਗੱਡੀ ਹੁੰਦੀ ਸੀ। ਟੋਭੇ ਵਾਲੇ ਪਾਸੇ ਧੂੰਆਂ ਨਿਕਲਣ ਨੂੰ ਗਾਰੇ-ਮਿੱਟੀ ਦਾ ਧੂੰਦਲਕਾ ਰਾਮਦਾਸੀਆ ਹਰੀਆ ਬਣਾ ਦਿੰਦਾ ਸੀ। ਰਸ ਕਾੜ੍ਹਨ ਲਈ ਕੜਾਹਾ ਰੱਖਣ ਵਾਲਾ ਚੂਰ ਤੇ ਮੈਲ ਨੂੰ ਛੋਟੀ ਕਾੜ੍ਹਨੀ ਵਿਚ ਸਾਂਭਣ ਲਈ ਦਿਆਲਾ ਆਪਣੀ ਜ਼ਿੰਮੇਵਾਰੀ ਨਿਭਾਉਂਦਾ। ਕੜਾਹੇ ਵਿਚ ਰਸ ਤੋਂ ਗੁੜ ਪਕਾਉਣ ਦਾ ਕਾਰਜ ਦਲੀਪ ਬਾਈ ਆਪਣੀ ਦੇਖ-ਰੇਖ ਵਿਚ ਕਰਦਾ। ਕੜਾਹੇ ਥੱਲ੍ਹੇ ਅੱਗ ਜਲਾਉਣ ਲਈ ਝੋਕੇ ਦਾ ਕੰਮ ਭੂਰਾ ਕਰਦਾ ਹੁੰਦਾ ਸੀ। ਛਾਲਣੀ ਨਾਲ ਮੈਲ ਤਾਰਨ ਦਾ ਪੂਰਾ ਖਿਆਲ ਰੱਖਿਆ ਜਾਂਦਾ। ਮਿੱਠਾ ਸੋਢਾ ਪਾ ਕੇ ਜਾਂ ਬੇਹਲ ਦੇ ਸੱਕ ਦੇ ਪਾਣੀ ਨਾਲ ਗੁੜ ਨਿਖਾਰਿਆ ਜਾਂਦਾ। ਘੁਲਾੜੀ ਦੀ ਗਰਦਲ ਅੱਗੇ ਬਲਦਾਂ ਦੀ ਜੋੜੀ ਜੋਤੀ ਜਾਂਦੀ। ਬਲਦਾਂ ਦੀਆਂ ਅੱਖਾਂ 'ਤੇ ਖੋਪੇ ਬੰਨ੍ਹ ਦਿੱਤੇ ਜਾਂਦੇ ਤਾਂ ਜੋ ਘੁਲਾੜੀ ਚੱਲਣ ਸਮੇਂ ਬਲਦ ਬੇਕਾਬੂ ਨਾ ਹੋ ਜਾਣ। ਬਲਦਾਂ ਨੂੰ ਹੱਕਣ ਦੀ ਜ਼ਿੰਮੇਵਾਰੀ ਕਿਸੇ ਬਜ਼ੁਰਗ ਦੀ ਹੁੰਦੀ। ਨੇੜੇ ਖੜ੍ਹੇ ਗੱਡੇ ਜਾਂ ਟਰਾਲੀ 'ਚੋਂ ਗੰਨਿਆਂ ਦੀਆਂ ਭਰੀਆਂ (ਭਾਰ) ਵੇਲਣੇ ਕੋਲ ਸੁੱਟਣ ਦਾ ਕੰਮ ਸੀਰੀ ਜਾਂ ਕੋਈ ਕਾਮਾ ਕਰਦਾ। ਵੇਲਣਿਆਂ 'ਚ ਗੰਨੇ ਬੀੜਨ ਲਈ ਕੋਈ ਮਾਹਰ ਬੰਦਾ ਹੁੰਦਾ, ਜਿਹੜਾ ਦੋਵੇਂ ਵੇਲਣਿਆਂ 'ਚ ਗੰਨਿਆਂ ਨੂੰ ਨਪੀੜਨ ਦਾ ਖਿਆਲ ਰੱਖਦਾ। ਵੇਲਣੇ ਦੇ ਦੂਜੇ ਪਾਸੇ ਖੋਈ ਸੰਭਾਲਣ ਲਈ ਟੋਕਰੇ ਰਾਹੀਂ ਹੋਰ ਕੋਈ ਕਾਮਾ ਖੋਈ ਨੂੰ ਧੁੱਪੇ ਸੁੱਕਣੇ ਪਾਉਂਦਾ ਰਹਿੰਦਾ। ਬਲਦਾਂ ਦੇ ਘੁੰਗਰੂ ਛਣਕਦੇ ਤੇ ਪਤਾ ਲੱਗ ਜਾਂਦਾ ਕਿ ਫਲਾਣੇ ਲਾਣੇਦਾਰ ਦੀ ਅੱਜ ਘੁਲਾੜੀ ਦੀ ਵਾਰੀ ਹੈ। ਰਸ ਪੀਣ ਦੇ ਸ਼ੌਕੀਨ ਅਦਰਕ, ਨਿੰਬੂ, ਪਦੀਨਾ ਆਦਿ ਗੰਨਿਆਂ 'ਚ ਨਪੀੜ ਕੇ ਪੀਂਦੇ। ਕਈ ਦੁੱਧ ਪਾ ਕੇ ਰਸ ਦਾ ਸੁਆਦ ਮਾਣਦੇ। ਇਹ ਖਿਆਲ ਰੱਖਿਆ ਜਾਂਦਾ ਕਿ ਤੱਤਾ-ਤੱਤਾ ਗੁੜ ਖਾਣ ਤੋਂ ਪਹਿਲਾਂ ਰਸ ਪੀ ਲਿਆ ਜਾਵੇ। ਕਈ ਘਰ ਰਸ ਦੀ ਖੀਰ ਬਣਾਉਣ ਲਈ ਰਸ ਦਾ ਡੋਲਾ ਭਰ ਲੈ ਜਾਂਦੇ। ਇਸ ਖੀਰ ਦਾ ਸੁਆਦ ਹੋਰ ਹੀ ਹੁੰਦਾ। ਬਲਦ ਘੁੰਮਦੇ ਰਹਿੰਦੇ। ਗੰਨੇ ਪੀੜੇ ਜਾਂਦੇ। ਰਸ ਦਾ ਪੀਪਾ ਕੜਾਹੇ 'ਚ ਉਲੱਦ ਦਿੱਤਾ ਜਾਂਦਾ। ਝੋਕਾ ਅੱਗ ਦਾ ਖਿਆਲ ਰੱਖਦਾ। ਸੁੱਕੇ ਬਾਲਣ ਲਈ ਪੱਤੀ, ਖੋਈ, ਕਪਾਹ ਦੀਆਂ ਛਟੀਆਂ ਤੇ ਹੋਰ ਸੁੱਕਾ ਬਾਲਣ ਵਰਤੋਂ ਵਿਚ ਆਉਂਦਾ ਰਹਿੰਦਾ। ਬਹੁਤਾ ਕੰਮ ਰਾਤਾਂ ਨੂੰ ਹੀ ਹੁੰਦਾ। ਲਾਲਟੈਨ ਦੇ ਚਾਨਣ ਵਿਚ ਘੁਲਾੜੀ ਦਾ ਸਾਰਾ ਕਾਰਜ ਕੀਤਾ ਜਾਂਦਾ। ਗੁੜ ਪਕਾਉਣ ਲਈ ਤਜ਼ਰਬੇਕਾਰ ਬੰਦੇ ਦੀ ਪਿੰਡ ਵਿਚ ਪੁੱਛ ਹੁੰਦੀ। ਉਸ ਨੂੰ ਗੁੜ ਦਾ ਪਕਾਵਾ ਕਹਿੰਦੇ।

ਪੱਕ ਰਹੇ ਰਸ ਵਾਲੇ ਗੁੜ ਦੀ ਮਹਿਕ ਬਹੁਤ ਖਿੱਚ ਵਾਲੀ ਹੁੰਦੀ। ਪੌਣਾਂ 'ਚ ਗੁੜ ਦੀ ਮਿਠਾਸ ਦੀ ਸੁਗੰਧੀ ਘੁਲ ਜਾਂਦੀ ਤੇ ਪਤਾ ਲੱਗ ਜਾਂਦਾ ਕਿ ਗੁੜ ਚੱਕ ਵਿਚ ਪੈਣ ਵਾਲਾ। ਕਹਿੰਦੇ 'ਗੁੜ ਦੀ ਬੱਤ ਆ ਗਈ।' ਬੱਤ ਆਉਣ 'ਤੇ ਦੋ ਬੰਦੇ ਕੜਾਹੇ ਨੂੰ ਚੁੱਕ ਕੇ ਚੱਕ ਵਿਚ ਢਹਿ-ਢੇਰੀ ਕਰ ਦਿੰਦੇ ਤੇ ਤੱਤਾ-ਤੱਤਾ ਗੁੜ ਵਿਛ ਜਾਂਦਾ। ਚੱਕ ਗੁੜ ਦਾ ਸਾਗਰ ਜਾਪਦਾ, ਆਮ ਤੌਰ 'ਤੇ ਚੱਕ ਕਿੱਕਰ ਦੀ ਲੱਕੜ ਦੇ ਬਣਾਏ ਜਾਂਦੇ। ਇਹ ਚੌਰਸ ਜਾਂ ਗੋਲ ਆਕਾਰ ਦੇ ਹੁੰਦੇ। ਚੱਪੂ (ਪਿੱਨੂ) ਨਾਲ ਗਰਮ-ਗਰਮ ਗੁੜ ਉਥਲ-ਪੁਥਲ ਕੀਤਾ ਜਾਂਦਾ। ਚੱਕ ਦੁਆਲੇ ਗੁੜ ਖਾਣ ਵਾਲਿਆਂ ਦੀ ਢਾਣੀ ਆ ਜੁੜਦੀ। ਰਾਹੀਆਂ ਨੂੰ ਵੀ ਆਵਾਜ਼ਾਂ ਮਾਰ ਕੇ ਗੁੜ ਖਾਣ ਦਾ ਸੱਦਾ ਦਿੱਤਾ ਜਾਂਦਾ। ਬਿਨਾਂ ਕਿਸੇ ਭਿੰਨ-ਭੇਦ ਤੇ ਜਾਤ-ਪਾਤ ਦੇ ਚੱਕ ਦੁਆਲੇ ਇਕ ਸੰਗਤ ਆ ਜੁੜਦੀ। ਅਸੀਂ ਡੱਕਿਆਂ ਨਾਲ ਗਰਮ-ਗਰਮ ਗੁੜ ਖਾ ਕੇ ਮਚਾਕੇ ਮਾਰਦੇ। ਕਈ ਘਰਾਂ ਨੂੰ ਗਰਮ ਗੁੜ ਕਿਸੇ ਭਾਂਡੇ ਵਿਚ ਪਾ ਕੇ ਭੇਜ ਵੀ ਦਿੱਤਾ ਜਾਂਦਾ। ਚੰਗੇ ਕਣ ਵਾਲੇ ਗੁੜ ਦੀਆਂ ?ਤਾਰੀਫ਼ਾਂ ਹੁੰਦੀਆਂ। ਗੁੜ ਪਕਾਉਣ ਵਾਲੇ ਦੇ ਗੁਣ ਗਾਏ ਜਾਂਦੇ। ਚੱਕ ਦੁਆਲੇ ਬੈਠ ਕੇ ਤੱਤਾ-ਤੱਤਾ ਗੁੜ ਖਾਣ ਦਾ ਸੁਆਦ ਹੀ ਅਨੂਠਾ ਹੁੰਦਾ।

ਗੁੜ ਦੀ ਟਿੱਕੀ ਬਣਾਉਣ ਲਈ ਮੂੰਗਫਲੀ, ਬਦਾਮ, ਦਾਖਾਂ, ਸੌਂਫ ਤੇ ਖੋਪੇ ਦੀ ਗਿਰੀ ਦੀ ਵਰਤੋਂ ਕੀਤੀ ਜਾਂਦੀ ਤਾਂ ਜੋ ਸੁਆਦ ਬਣੇ। ਇਹ ਗੁੜ ਦੀ ਟਿੱਕੀ ਸੁਗਾਤ ਵਜੋਂ ਵੀ ਭਾਈਚਾਰੇ ਜਾਂ ਰਿਸ਼ਤੇਦਾਰਾਂ ਵਿਚ ਵੰਡੀ ਜਾਂਦੀ। ਟਿੱਕੀ ਬਹੁਤ ਸੁਆਦ ਲੱਗਦੀ। ਖੁਰਚਣੇ ਨਾਲ ਪਿਓਸੀਆਂ ਬਣਾ ਲਈਆਂ ਜਾਂਦੀਆਂ ਜਾਂ ਮਿੱਟੀ ਦੀ ਕੰਡੀਰੀ 'ਚ ਪਾ ਕੇ ਭੇਲੀਆਂ ਪੱਥ ਲਈਆਂ ਜਾਂਦੀਆਂ। ਚੱਕ 'ਚੋਂ ਗੁੜ ਸਾਂਭਣ ਦਾ ਕੰਮ ਬੜੀ ਫੁਰਤੀ ਨਾਲ ਕੀਤਾ ਜਾਂਦਾ। ਗੱਭਰੂ, ਸਿਆਣੇ ਤੇ ਬੱਚੇ ਗੁੜ ਖਾ ਕੇ ਅਨੰਦ ਲੈਂਦੇ। ਘੁਲਾੜੀ ਰਾਹੀਂ ਗੁੜ ਬਣਾਉਣਾ ਪੇਂਡੂ ਸੱਭਿਆਚਾਰਕ ਪਛਾਣ ਚਿੰਨ੍ਹ ਸੀ।

ਸ਼ੱਕਰ ਬਣਾਉਣ ਲਈ ਬੱਤ ਦੀ ਕਿਸਮ ਹੋਰ ਹੁੰਦੀ ਤੇ ਚੱਕ 'ਚ ਪਏ ਗੁੜ ਨੂੰ ਮਲ-ਮਲ ਕੇ ਸੰਦਾਂ ਨਾਲ ਸ਼ੱਕਰ ਤਿਆਰ ਕੀਤੀ ਜਾਂਦੀ। ਚੱਕ 'ਚ ਸ਼ੱਕਰ ਦਾ ਲੱਗਿਆ ਬਦਾਮੀਂ ਅੰਬਾਰ ਸੋਹਣਾ ਲੱਗਦਾ ਤੇ ਹਰ ਇਕ ਦੇ ਮੂੰਹ 'ਚ ਪਾਣੀ ਆ ਜਾਂਦਾ। ਦੇਸੀ ਖੰਡ ਬਣਾਉਣ ਲਈ ਪਿੰਡਾਂ ਵਿਚ ਕੋਈ ਲਾਣੇਦਾਰ ਖੰਡ ਕੱਢਣ ਵਾਲੀ ਮਸ਼ੀਨ ਲੈ ਆਉਂਦਾ। ਹੱਥਾਂ ਨਾਲ ਗੱਭਰੂ ਮਸ਼ੀਨ ਗੇੜੀ ਜਾਂਦੇ ਤੇ ਰਾਬ ਤੋਂ ਪਾਣੀ ਦੀਆਂ ਪਿਚਕਾਰੀਆਂ ਮਾਰ-ਮਾਰ ਖੰਡ ਨਿਖਾਰ ਕੇ ਤਿਆਰ ਕੀਤੀ ਜਾਂਦੀ। ਲੋਕੀਂ ਫੱਕੇ ਮਾਰ-ਮਾਰ ਤਾਜ਼ੀ ਖੰਡ ਦਾ ਸੁਆਦ ਮਾਣਦੇ।

ਪਿੰਡਾਂ 'ਚ ਹੁਣ ਘੁਲਾੜੀ ਕਿਰਤ ਸੱਭਿਆਚਾਰ ਲੋਪ ਹੋ ਗਿਆ ਹੈ। ਆਪਸੀ ਸਦਭਾਵਨਾ ਤੇ ਮਿਲਵਰਤਨ ਨੂੰ ਠੇਸ ਪਹੁੰਚੀ ਹੈ। ਖੰਡ ਮਿੱਲਾਂ ਹੋਣ ਕਾਰਨ, ਕਿਸਾਨ ਉਨ੍ਹਾਂ ਦਾ ਮੁਥਾਜ ਹੋ ਗਿਆ ਹੈ। ਕਿੰਨਾ ਚੰਗਾ ਹੋਵੇ ਜੇ ਪਿੰਡਾਂ ਵਿਚ ਹੀ ਸਹਿਕਾਰੀ ਖੰਡ ਮਿੱਲ ਦਸਤਕਾਰੀ ਨੂੰ ਛੋਟੀ ਪੱਧਰ 'ਤੇ ਸਥਾਪਤ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਖੱਜਲ-ਖੁਆਰੀ ਤੋਂ ਰਾਹਤ ਮਿਲ ਸਕੇ ਅਤੇ ਬਣਦੀ ਕਮਾਈ ਦੀ ਕੀਮਤ ਮਿਲ ਸਕੇ। ਘੁਲਾੜੀ ਤੇ ਚੱਕ ਨਾਲ ਜੁੜੀਆਂ ਗੁੜ ਦੀਆਂ ਮਿੱਠੀਆਂ ਯਾਦਾਂ ਭੁਲਾਇਆਂ ਵੀ ਨਹੀਂ ਭੁੱਲਦੀਆਂ।

# ਮਾਨਸਿਕ ਸੁੰਦਰਤਾ ਦੀ ਮਹਿਮਾ

ਮਾਨਸਿਕ ਸੁੰਦਰਤਾ ਅਜਿਹੀ ਲਾਜਵਾਬ ਸੁੰਦਰਤਾ ਹੈ ਜੋ ਜ਼ਿੰਦਗੀ ਦੇ ਬਗੀਚੇ ਨੂੰ ਗੁਲੋ-ਗੁਲਜ਼ਾਰ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ। ਇਹ ਅਜਿਹਾ ਝਰਨਾ ਹੈ ਜਿਸ ਵਿਚੋਂ ਪ੍ਰੇਮ ਅਤੇ ਸਦਭਾਵਨਾ ਦਾ ਨਿਕਲਣ ਵਾਲਾ ਸ਼ੀਸ਼ੇ ਵਰਗਾ ਪਾਣੀ ਦਿਲੋ ਦਿਮਾਗ਼ ਨੂੰ ਤਾਜ਼ਗੀ ਦੀ ਦਾਤ ਪ੍ਰਦਾਨ ਕਰਦਾ ਹੈ। ਇਸ ਵਿਚ ਇਨਸਾਨੀਅਤ ਦੀ ਮਹਿਕ ਛਾਈ ਹੁੰਦੀ ਹੈ। ਇਸ ਵਿਚ ਈਰਖਾ, ਦਵੈਸ਼ ਤੇ ਕੱਟੜਤਾ ਨੂੰ ਤਹਿ ਦਿਲੋਂ ਠੁਕਰਾਇਆ ਜਾਂਦਾ ਹੈ। ਦਿਲ ਦੀ ਵਿਸ਼ਾਲਤਾ ਉੱਚੇ ਮਿਆਰਾਂ ਦੀ ਅਹਿਮੀਅਤ ਅੱਗੇ ਹੁੰਦੀ ਹੈ। ਮਾਨਸਿਕ ਸੁੰਦਰਤਾ ਵਿਚ ਠਰੰਮੇ ਤੇ ਸੰਜਮ ਦਾ ਨਿਵਾਸ ਹੁੰਦਾ ਹੈ। ਲੋਭ-ਲਾਲਚ ਦੀ ਥਾਂ ਸਬਰ-ਸੰਤੋਖ ਵਿਚ ਮਨ ਟਿਕਾਇਆ ਜਾਂਦਾ ਹੈ। ਬੇਈਮਾਨੀ, ਹੇਰਾਫੇਰੀ, ਚੁਸਤੀ, ਚਲਾਕੀ ਦੀ ਬਜਾਏ ਇਮਾਨਦਾਰੀ ਦੀ ਚੜ੍ਹਤ ਹੁੰਦੀ ਹੈ।

ਉੱਪਰੋਂ ਸਾਧ ਅੰਦਰੋਂ ਚੋਰ ਦਾ ਕਿਰਦਾਰ ਨਿਭਾਉਣ ਵਾਲੇ ਮਾਨਸਿਕ ਸੁੰਦਰਤਾ ਪੱਖੋਂ ਖੋਖਲੇ ਹੋਣ ਕਰਕੇ ਕੋਈ ਉਸਾਰੂ ਪ੍ਰਭਾਵ ਨਹੀਂ ਪਾ ਸਕਦੇ। ਮਾਨਸਿਕ ਤੌਰ 'ਤੇ ਉਹੀ ਸੁੰਦਰ ਅਖਵਾਉਣ ਦਾ ਹੱਕਦਾਰ ਬਣਦਾ ਹੈ ਜੋ ਸਰਬੱਤ ਦੇ ਭਲੇ ਵਿਚ ਤਹਿ-ਦਿਲੋਂ ਰੋਲ ਨਿਭਾਉਂਦਾ ਹੈ। ਨੇਕੀ, ਸੱਚਾਈ ਦੇ ਰਸਤੇ ਚੱਲਣ ਵਿਚ ਮੋਹਰੀ ਹੁੰਦਾ ਹੈ। ਮਿਆਰੀ ਜ਼ਿੰਦਗੀ ਜਿਉਣ ਵਿਚ ਵਿਸ਼ਵਾਸ ਜਤਾਉਂਦਾ ਹੈ। ਦੁੱਖ-ਸੁੱਖ ਵੰਡਾਉਣ, ਮੁਸਕਾਨਾਂ ਵੰਡਣਾ ਆਪਣਾ ਇਨਸਾਨੀ ਫਰਜ਼ ਸਮਝਦਾ ਹੈ। ਮਾਨਸਿਕ ਸੁੰਦਰਤਾ ਦੇ ਮਾਲਕ ਹੋਣ ਕਰਕੇ ਸਾਡੇ ਦੇਸ਼ ਭਗਤਾਂ, ਸੂਰਬੀਰਾਂ ਨੇ ਭਾਰਤ ਨੂੰ ਗੋਰਿਆਂ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ। ਮਾਨਸਿਕ ਸੁੰਦਰਤਾ ਵਿਚ ਪਰਿਪੱਕ ਹੋਣ ਕਰਕੇ ਅਸੀਂ ਗੁਰੂਆਂ, ਰਿਸ਼ੀਆਂ, ਮੁਨੀਆਂ, ਮਹਾਨ ਪੁਰਸ਼ਾਂ ਨੂੰ ਸਮੇਂ-ਸਮੇਂ ਯਾਦ ਕਰਦੇ ਰਹਿੰਦੇ ਹਾਂ।

ਅਜੋਕੇ ਕਪਟੀ, ਖ਼ੁਦਗਰਜ਼ ਜ਼ਮਾਨੇ ਵਿਚ ਮਾਨਸਿਕ ਸੁੰਦਰਤਾ ਦੀ ਮਹਾਨਤਾ ਨੂੰ ਦਰ-ਕਿਨਾਰ ਕਰਨ ਕਰਕੇ ਮਾਨਸਿਕ ਕਰੂਪਤਾ ਦੀ ਚੌਧਰ ਨੇ ਮਨ ਦੀ ਸ਼ਾਂਤੀ ਭੰਗ ਕੀਤੀ ਹੋਈ ਹੈ। ਬੇਈਮਾਨੀ, ਭ੍ਰਿਸ਼ਟਾਚਾਰ, ਨਿੱਜ-ਹਿੱਤ ਦਾ ਜਿੱਥੇ ਬੋਲਬਾਲਾ ਹੈ, ਉੱਥੇ ਈਰਖਾ, ਫਿਰਕੂ ਸੋਚ ਤੇ ਵਿਚਾਰਧਾਰਾ ਨੇ ਇਨਸਾਨੀਅਤ ਤਾਰ-ਤਾਰ ਕਰ ਦਿੱਤੀ ਹੈ। ਧੋਖਾ, ਹੇਰਾਫੇਰੀ, ਝੂਠ ਨੇ ਆਪਣਾ ਸੰਘਣਾ ਜਾਲ ਵਿਛਾ ਕੇ ਨੱਕ ਵਿਚ ਦਮ ਕਰ ਦਿੱਤਾ ਹੈ। ਅੰਨ੍ਹੇ ਲੋਭ, ਲਾਲਚ ਨੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਹਾਸ਼ੀਏ 'ਤੇ ਲਿਆ ਦਿੱਤਾ ਹੈ। ਇਸੇ ਕਰਕੇ ਆਪਸੀ-ਪਿਆਰ, ਸਹਿਚਾਰ ਦਾ ਰੰਗ ਫਿੱਕਾ ਪੈ ਗਿਆ ਹੈ। ਸਿਆਸੀ ਅਖਾੜੇ ਵਿਚ ਤਾਂ ਮਾਨਸਿਕ ਸੁੰਦਰਤਾ ਦਾ ਦੀਵਾਲਾ ਨਿੱਕਲ ਗਿਆ ਹੈ। ਲੋਕ-ਹਿੱਤ ਨਾਲੋਂ ਕੁਰਸੀ ਹਿੱਤ ਨੂੰ ਪਹਿਲ ਦਿੱਤੀ ਜਾਂਦੀ ਹੈ। ਇਕ ਦੂਜੇ ਉੱਪਰ ਆਲੋਚਨਾ ਦੇ ਤਿੱਖੇ ਤੀਰ ਛੱਡ ਕੇ ਵਿਰੋਧੀ ਪਾਰਟੀਆਂ ਪਾਰਾ ਚੜ੍ਹਾਈ ਰੱਖਦੀਆਂ ਹਨ। ਕੁਰਸੀ ਦਾ ਧਰਮ ਨਿਭਾਉਣ ਵਿਚ ਸਰਕਾਰਾਂ ਫਾਡੀ ਰਹਿੰਦੀਆਂ ਹਨ। ਆਪਣੇ ਖ਼ਜ਼ਾਨੇ ਭਰਨ ਵਿਚ ਸ਼ੇਰ ਬਣਦੀਆਂ ਹਨ।

ਇਨਸਾਨੀ ਜ਼ਿੰਦਗੀ ਵਿਚ ਪਿਆਰ ਦੇ ਫੁੱਲ ਤਾਂ ਹੀ ਖਿੜ ਸਕਦੇ ਹਨ, ਜੇਕਰ ਆਪਸੀ ਪਿਆਰ, ਸਦਭਾਵਨਾ ਦੀ ਚੜ੍ਹਤ ਹੋਵੇ। ਇਨਸਾਨੀਅਤ ਦੀ ਗੰਗਾ ਵਹਿ ਸਕਦੀ ਹੈ ਜੇ ਨੀਚ ਵਿਚਾਰਾਂ ਨੂੰ ਦਿਲੋਂ ਤਿਲਾਂਜਲੀ ਦਿੱਤੀ ਜਾਵੇ। ਸੰਦਲੀ ਪੈੜਾਂ ਪਾਉਣ ਵਿਚ ਆਪੋ-ਆਪਣਾ ਬਾਖ਼ੂਬੀ ਫਰਜ਼ ਨਿਭਾਇਆ ਜਾਵੇ, ਪਰ ਮਾਨਸਿਕ ਸੁੰਦਰਤਾ ਦੇ ਧਾਰਨੀ ਬਣੇ ਬਿਨਾਂ ਇਹ ਸਭ ਸੰਭਵ ਨਹੀਂ ਹੋ ਸਕਦਾ। ਜੇ ਸਮੁੱਚੀ ਸਿਆਸਤ ਵੱਲੋਂ ਮਾਨਸਿਕ ਸੁੰਦਰਤਾ ਨੂੰ ਜ਼ਿੰਦਗੀ ਦਾ ਅੰਗ ਬਣਾਇਆ ਜਾਵੇ, ਫਿਰ ਦੇਸ਼ ਦੀ ਨੁਹਾਰ ਚਮਕ ਸਕਦੀ ਹੈ। ਭ੍ਰਿਸ਼ਟਾਚਾਰ ਦੇ ਦੈਂਤ ਨੂੰ ਮਾਰ ਮੁਕਾਇਆ ਜਾ ਸਕਦਾ ਹੈ। ਮਾਫੀਆ ਗਰੁੱਪਾਂ 'ਤੇ ਤਕੜੀ ਨਕੇਲ ਪਾਈ ਜਾ ਸਕਦੀ ਹੈ। ਦੇਸ਼ ਵਿਚ ਅਮਨ-ਅਮਾਨ, ਖ਼ੁਸ਼ਹਾਲੀ ਦਾ ਬਗੀਚਾ ਮਹਿਕ ਸਕਦਾ ਹੈ। ਮੁਕਦੀ ਗੱਲ ਮਾਨਸਿਕ ਸੁੰਦਰਤਾ ਬਿਨਾਂ ਹਥਿਆਰਾਂ ਦੀ ਦੌੜ 'ਤੇ ਵਿਰਾਮ ਨਹੀਂ ਲਾਇਆ ਜਾ ਸਕਦਾ। ਜੰਗ ਦੇ ਬੱਦਲਾਂ ਨੂੰ ਮਿਟਾਇਆ ਨਹੀਂ ਜਾ ਸਕਦਾ। ਮਾਨਸਿਕ ਸੁੰਦਰਤਾ ਦੇ ਧਾਰਨੀ ਬਣ ਕੇ ਹੀ ਜ਼ਿੰਦਗੀ ਦੀ ਬੇਚੈਨੀ, ਬੇਕਰਾਰੀ ਤੋਂ ਮੁਕਤੀ ਪਾਈ ਜਾ ਸਕਦੀ ਹੈ। ਇਸ ਨਾਲ ਆਪਸੀ ਵਿਸ਼ਵਾਸ ਤੇ ਪ੍ਰੇਮ ਦੀ ਗੁੱਡੀ ਚੜ੍ਹ ਸਕਦੀ ਹੈ।

# ਰੋਮਾਂਸਵਾਦੀ ਕਲਾਕਾਰ ਇਊਜੀਨ ਡੇਲਾਕਰੋਆ

ਇਊਜੀਨ ਡੇਲਾਕਰੋਆ ਵੱਲੋਂ ਬਣਾਇਆ ਗਿਆ 'ਮੁਕਤੀ ਦੀ ਦੇਵੀ ਜਨਤਕ ਅਗਵਾਈ ਕਰਦਿਆਂ' ਨਾਂ ਦਾ ਚਿੱਤਰ ਇਊਜੀਨ ਡੇਲਾਕਰੋਆ ਇਕ ਮਹਾਨ ਰੋਮਾਂਸਵਾਦੀ ਕਲਾਕਾਰ ਸੀ ਜੋ ਆਪਣੇ ਮਹਾਨ ਚਿੱਤਰਾਂ ਵਿਚ ਤਸਵੀਰਸਾਜ਼ੀ ਵਰਗੇ ਯਥਾਰਥ ਅਤੇ ਤੀਬਰ ਬੁਰਸ਼ ਵਹਾਅ ਲਈ ਮਸ਼ਹੂਰ ਸੀ। ਉਹ ਇਕ ਮਸ਼ਹੂਰ ਲਿਥੋਗ੍ਰਾਫ਼ਰ ਵੀ ਸੀ। ਉਹ ਵਿਲੀਅਮ ਸ਼ੈਕਸਪੀਅਰ, ਜੋਹਾਨ ਵੌਲਫਗਾਂਗ ਵਾਨ ਗੋਏਥੇ ਅਤੇ ਵਾਲਟਰ ਸਕਾਟ ਸਮੇਤ ਸਤਿਕਾਰਤ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਨਿਵੇਕਲੇ ਦ੍ਰਿਸ਼ਟਾਂਤ ਸਿਰਜਣ ਦਾ ਮਾਹਿਰ ਸੀ। ਮੁੱਖ ਤੌਰ 'ਤੇ ਇਤਿਹਾਸਕ ਅਤੇ ਸਮਕਾਲੀ ਘਟਨਾਵਾਂ ਜਾਂ ਸਾਹਿਤ ਉਸਦੀ ਪ੍ਰੇਰਨਾ ਦਾ ਸਰੋਤ ਸੀ। 1832 ਵਿਚ ਮੋਰੋਕੋ ਦੀ ਫੇਰੀ ਨੇ ਉਸਨੂੰ ਹੋਰ ਵਿਦੇਸ਼ੀ ਵਿਸ਼ਿਆਂ ਤੋਂ ਜਾਣੂ ਕਰਾਇਆ। ਡੇਲਾਕਰੋਆ ਨੇ ਪੁਰਾਣੇ ਮਹਾਨ ਉਸਤਾਦਾਂ ਪੀਟਰ ਪਾਲ ਰੂਬੇਨਜ਼, ਟਿਸੀਅਨ ਅਤੇ ਕਾਰਾਵਾਗੀਓ ਦੀਆਂ ਰਚਨਾਵਾਂ ਤੋਂ ਪ੍ਰੇਰਨਾ ਲਈ। ਉਸਨੇ ਆਪਣੀਆਂ ਕਲਾਕ੍ਰਿਤੀਆਂ ਵਿਚ ਸਿਰਫ਼ ਨਮੂਨਾਕਾਰੀ ਦੇ ਰੂਪ ਅਤੇ ਸਪੱਸ਼ਟ ਰੇਖਾਕਾਰੀ 'ਤੇ ਧਿਆਨ ਕੇਂਦਰਤ ਕਰਨ ਦੀ ਬਜਾਏ ਗਤੀ ਅਤੇ ਰੂਪ ਰੇਖਾ 'ਤੇ ਜ਼ੋਰ ਦਿੱਤਾ। ਜਿਵੇਂ ਕਿ ਉਸ ਦੇ ਚਿੱਤਰਾਂ ਵਿਚ ਸਪੱਸ਼ਟ ਹੈ ਕਿ ਉਸਦੀ ਬਹੁਤੀ ਸਮੱਗਰੀ ਰੁਮਾਂਸਵਾਦੀ ਅਤੇ ਨਾਟਕੀਅਤਾ ਭਰਪੂਰ ਸੀ। ਉਹ ਲਾਰਡ ਬਾਇਰਨ ਦੇ ਕੰਮ ਤੋਂ ਪ੍ਰਭਾਵਿਤ ਹੋਇਆ ਜੋ ਆਪਣੀ ਰਚਨਾ ਵਿਚ ਸ੍ਰੇਸ਼ਟ ਸ਼ਕਤੀ ਨੂੰ ਸ਼ਾਮਲ ਕਰਨ ਲਈ ਵਧੇਰੇ ਜਾਣਿਆ ਜਾਂਦਾ ਸੀ।

ਇਊਜੀਨ ਡੇਲਾਕਰੋਆ ਦਾ ਜਨਮ 26 ਅਪਰੈਲ 1798 ਨੂੰ ਫਰਾਂਸ ਵਿਚ ਹੋਇਆ। ਉਹ ਓਬੇਨ-ਰਾਇਜ਼ਨਰ ਖਾਨਦਾਨ ਵਿਚੋਂ ਸੀ ਜਿਸਨੇ 17ਵੀਂ ਅਤੇ 18ਵੀਂ ਸਦੀ ਵਿਚ ਫਰਾਂਸੀਸੀ ਰਾਜੇ ਅਤੇ ਦਰਬਾਰ ਲਈ ਫਰਨੀਚਰ ਬਣਾਇਆ ਸੀ। ਡੇਲਾਕਰੋਆ ਦੇ ਪਿਤਾ ਚਾਰਲਸ ਡੇਲਾਕਰੋਆ ਇਕ ਸਰਕਾਰੀ ਅਧਿਕਾਰੀ ਸਨ। ਉਨ੍ਹਾਂ ਨੇ 1798 ਵਿਚ ਹਾਲੈਂਡ ਵਿਚ ਰਾਜਦੂਤ ਵਜੋਂ ਸੇਵਾ ਨਿਭਾਈ ਅਤੇ 1805 ਵਿਚ ਉਨ੍ਹਾਂ ਦੀ ਮੌਤ ਹੋ ਗਈ। 17 ਸਾਲ ਦੀ ਉਮਰ ਤਕ ਡੇਲਾਕਰੋਆ ਨੇ ਆਪਣੇ ਨਾਮੀਂ ਅਤੇ ਕਲਾਤਮਕ ਪਰਿਵਾਰ ਵਿਚ ਕਲਾਸਕੀ ਸਿੱਖਿਆ ਦਾ ਅਧਿਐਨ ਕੀਤਾ। ਉਸ ਵਿਚ ਸੰਗੀਤ ਅਤੇ ਥੀਏਟਰ ਪ੍ਰਤੀ ਜਨੂੰਨ ਸੀ।

ਉਸਨੇ ਆਪਣੇ ਚਿੱਤਰਾਂ ਵਿਚ ਗ਼ੁਲਾਮੀ ਅਤੇ ਮਧਯੁੱਗੀ ਤੇ ਸਮਕਾਲੀ ਆਜ਼ਾਦੀ ਅੰਦੋਲਨਾਂ ਨੂੰ ਚਿੱਤਰਿਆ। 'ਚਿਓਸ ਦੇ ਕਤਲੇਆਮ ਦੇ ਦ੍ਰਿਸ਼' ਚਿੱਤਰ ਵਿਚ ਉਸਨੇ ਤੁਰਕ ਧਾੜਵੀਆਂ ਵੱਲੋਂ ਯੂਨਾਨੀਆਂ 'ਤੇ ਢਾਹੇ ਜ਼ੁਲਮ ਦੀ ਦਾਸਤਾਨ ਬਿਆਨ ਕੀਤੀ ਹੈ ਜਿਸ ਵਿਚ ਸਹਿਮੇ ਹੋਏ ਯੂਨਾਨੀਆਂ, ਜਿਨ੍ਹਾਂ ਵਿਚ ਮਰਦ, ਔਰਤਾਂ ਅਤੇ ਬੱਚਿਆਂ ਦਾ ਸਮੂਹ ਜ਼ਮੀਨ 'ਤੇ ਢੇਰੀ ਹੋਇਆ ਪਿਆ ਹੈ। ਇਨ੍ਹਾਂ ਵਿਚੋਂ ਕੁਝ ਮਰ ਚੁੱਕੇ ਹਨ ਅਤੇ ਕੁਝ ਗੰਭੀਰ ਜ਼ਖਮੀ ਹਨ। ਚਿੱਤਰ ਦੇ ਪਿਛੋਕੜ ਦੇ ਭੂ-ਦ੍ਰਿਸ਼ ਵਿਚ ਦੂਰ ਤਕ ਯੁੱਧ ਦਾ ਫੈਲਾਅ ਹੈ। ਇਸ ਚਿੱਤਰ ਵਿਚ ਯੂਨਾਨੀ ਲੋਕਾਂ ਦੇ ਦਰਦ ਨੂੰ ਬਹੁਤ ਹੀ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਚਿੱਤਰ 1822 ਦੀ ਯੂਨਾਨ ਦੀ ਆਜ਼ਾਦੀ ਦੀ ਲੜਾਈ ਬਾਰੇ ਹੈ ਜਿਸ ਵਿਚ ਹਜ਼ਾਰਾਂ ਵਿਦਰੋਹੀ ਯੂਨਾਨੀਆਂ ਦਾ ਕਤਲੇਆਮ ਕੀਤਾ ਗਿਆ ਸੀ। 'ਮੁਕਤੀ ਦੀ ਦੇਵੀ ਜਨਤਕ ਅਗਵਾਈ ਕਰਦਿਆਂ' ਚਿੱਤਰ ਡੇਲਾਕਰੋਆ ਦੇ ਸ਼ਾਹਕਾਰਾਂ ਵਿਚੋਂ ਇਕ ਮਹੱਤਵਪੂਨ ਕ੍ਰਿਤ ਹੈ। ਇਸ ਵਿਚ ਵੱਖ-ਵੱਖ ਉਮਰ ਦੇ ਆਜ਼ਾਦੀ ਪਰਵਾਨਿਆਂ ਦੀਆਂ ਲਾਸ਼ਾਂ ਦੇ ਢੇਰ ਉਪਰੋਂ ਇਕ ਔਰਤ ਸੱਜੇ ਹੱਥ ਫਰਾਂਸੀਸੀ ਝੰਡਾ ਲਹਿਰਾਉਂਦੀ ਅਤੇ ਖੱਬੇ ਹੱਥ ਬੰਦੂਕ ਫੜ ਕੇ ਜਨਤਾ ਦੀ ਅਗਵਾਈ ਕਰਦੀ ਅੱਗੇ ਵਧ ਰਹੀ ਹੈ। ਉਸਦੇ ਸੱਜੇ ਪਾਸੇ ਦੋ ਆਦਮੀ ਬੰਦੂਕ ਫੜ ਕੇ ਅੱਗੇ ਵਧ ਰਹੇ ਹਨ। ਮੁਕਤੀ ਦੀ ਦੇਵੀ ਉਨ੍ਹਾਂ ਵੱਲ ਇਸ ਤਰ੍ਹਾਂ ਤੱਕ ਰਹੀ ਹੈ ਜਿਵੇਂ ਉਹ ਉਨ੍ਹਾਂ ਨੂੰ ਅੱਗੇ ਵਧਣ ਲਈ ਕਹਿ ਰਹੀ ਹੋਵੇ। ਖੱਬੇ ਪਾਸੇ ਇਕ ਜਵਾਨ ਮੁੰਡਾ ਜਿਸਦੇ ਦੋਵੇਂ ਹੱਥਾਂ ਵਿਚ ਪਿਸਤੌਲ ਹਨ, ਉਹ ਬਹੁਤ ਜੁਝਾਰੂ ਅੰਦਾਜ਼ ਵਿਚ ਦਹਾੜ ਰਿਹਾ ਹੈ। ਪਿੱਠਭੂਮੀ ਧੂੰਏਂ ਅਤੇ ਤਬਾਹੀ ਨਾਲ ਭਰੀ ਹੋਈ ਹੈ ਜਿਸ ਵਿਚੋਂ ਧੁੰਦਲਾਇਆ ਪੈਰਿਸ ਦਿਖ ਰਿਹਾ ਹੈ। ਡੇਲਾਕਰੋਆ ਦੀ ਇਹ ਸਭ ਤੋਂ ਮਸ਼ਹੂਰ ਕ੍ਰਿਤ, ਸੱਚੀ ਇਤਿਹਾਸਕ ਘਟਨਾ 'ਤੇ ਆਧਾਰਿਤ ਹੈ। ਫਰਾਂਸੀਸੀ ਰਾਜਸ਼ਾਹੀ ਵਿਰੁੱਧ ਲੋਕਾਈ ਨੇ ਬਗਾਵਤ ਕਰਕੇ ਲੂਈ ਫਿਲਪ ਦੇ ਰਾਜ ਦਾ ਅੰਤ ਕੀਤਾ ਅਤੇ ਗਣਤੰਤਰ ਸਥਾਪਤ ਕਰਨ ਵਿਚ ਸਹਾਇਤਾ ਕੀਤੀ, ਇਹ ਉਸ ਘਟਨਾ ਨੂੰ ਦਰਸਾਉਂਦਾ ਹੈ।



# ਬੂਹੇ ਤੱਕਦੀਆਂ ਬੁੱਢੀਆਂ ਅੱਖਾਂ

ਬਜ਼ੁਰਗ ਉਦਾਸ ਹਨ ਤੇ ਬੁਢਾਪਾ ਪਰੇਸ਼ਾਨ। ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਮਾਜ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੇ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ। ਉੱਨਤ ਆਵਾਜਾਈ ਦੇ ਸਾਧਨਾਂ ਕਾਰਨ ਮਨੁੱਖ ਹੁਣ ਰੁਜ਼ਗਾਰ ਦੇ ਸਿਲਸਿਲੇ ਵਿੱਚ ਦੂਰ-ਨੇੜੇ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਂਦਾ ਹੈ। ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਭਾਲਣਾ ਜਾਂ ਦੇਸ਼ ਦੇ ਹੀ ਕਿਸੇ ਦੁਰੇਡੇ ਇਲਾਕੇ ਵਿੱਚ ਜਾ ਕੇ ਨੌਕਰੀ ਕਰਨਾ ਅਤੇ ਉੱਥੇ ਹੀ ਵੱਸ ਜਾਣ ਦਾ ਚਲਨ ਬਹੁਤ ਵਧ ਗਿਆ ਹੈ। ਜਿਸ ਵੇਲੇ ਔਲਾਦ ਘਰ ਤੋਂ ਦੂਰ ਦੇਸ਼ ਜਾਂ ਵਿਦੇਸ਼ ਵੱਲ ਪਰਵਾਸ ਕਰਦੀ ਹੈ, ਉਦੋਂ ਮਾਂ-ਪਿਓ ਤੰਦਰੁਸਤ ਸਰੀਰਕ ਅਵਸਥਾ ਵਿੱਚ ਹੁੰਦੇ ਹਨ ਪਰ ਵਕਤ ਲੰਘਣ ਨਾਲ ਸਿਹਤ ਕਮਜ਼ੋਰ ਹੁੰਦੀ ਜਾਂਦੀ ਹੈ ਤੇ ਪਰਦੇਸ ਗਿਆਂ ਦੇ ਰੁਝੇਵੇਂ ਵਧਦੇ ਜਾਂਦੇ ਹਨ। ਨਤੀਜਾ ਹੁੰਦਾ ਹੈ ਸਹਾਰੇ ਦੀ ਉਮਰ ਵਿੱਚ ਸਹਾਰੇ ਤੋਂ ਰਹਿਤ ਜੀਵਨ। ਜਿਸ ਵਿਹੜੇ ਵਿੱਚ ਭੈਣ-ਭਰਾ, ਮਾਂ-ਬਾਪ ਦੀ ਬੁੱਕਲ ਵਿੱਚ ਕਈ ਵਰ੍ਹੇ ਇਕੱਠੇ ਖੇਡੇ ਹੁੰਦੇ ਹਨ ਮੁੜ ਕਿਸੇ ਸ਼ਗਨਾਂ ਦੇ ਮੌਕੇ ਜਾਂ ਦੁੱਖ ਦੀ ਘੜੀ ਹੀ ਇਕੱਠੇ ਹੁੰਦੇ ਹਨ। ਕਈ ਵਾਰ ਅਜਿਹੇ ਮੌਕੇ ਵੀ ਪੂਰਾ ਪਰਿਵਾਰ ਨਹੀਂ ਮਿਲਦਾ। ਪਰਿਵਾਰਾਂ ਵਿੱਚ ਘਟਦਾ ਮੋਹ ਤੇ ਸ਼ਖ਼ਸੀਅਤ ਦਾ ਟਕਰਾਅ ਵੀ ਬਜ਼ੁਰਗਾਂ ਦੇ ਇਕੱਲਿਆਂ ਰਹਿ ਜਾਣ ਦਾ ਕਾਰਨ ਬਣ ਗਿਆ ਹੈ। ਹਰ ਮਨੁੱਖ ਆਪਣੀ ਆਜ਼ਾਦੀ ਭਾਲ ਰਿਹਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਹਰੇਕ ਆਪਣੀ ਅਲੱਗ ਤੇ ਵਿਅਕਤੀਗਤ ਜਗ੍ਹਾ ਚਾਹੁੰਦਾ ਹੈ। ਇੱਕ-ਦੂਜੇ ਦੀ ਗੱਲ ਸੁਣਨੀ ਤੇ ਬਰਦਾਸ਼ਤ ਕਰਨੀ ਔਖਾ ਕੰਮ ਹੋ ਗਿਆ ਹੈ। ਅੱਗੇ ਕੌੜੀਆਂ-ਫਿੱਕੀਆਂ ਗੱਲਾਂ ਸੁਣ ਕੇ,ਕਰਕੇ ਵੀ ਲੋਕ ਇੱਕੋ ਘਰ ਵਿੱਚ ਰਹਿੰਦੇ ਸਨ ਪਰ ਹੁਣ 'ਕੱਠਿਆਂ ਰਹਿਣਾ ਔਖਾ ਲਗਦਾ ਹੈ। ਹੁਣ ਬਹੁਤ ਸਾਰੇ ਘਰ ਅਜਿਹੇ ਮਿਲ ਜਾਣਗੇ ਜਿਨ੍ਹਾਂ ਘਰਾਂ ਵਿੱਚ ਦੋ ਪੀੜ੍ਹੀਆਂ,ਇੱਕ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਂਝ ਤੋਂ ਬਗੈਰ ਵੱਖ-ਵੱਖ ਛੱਤਾਂ 'ਤੇ ਰਹਿੰਦੀਆਂ ਹਨ। ਅਜਿਹੇ ਮਾਂ-ਬਾਪ ਤੇ ਨੂੰਹਾਂ-ਪੁੱਤ ਹਨ ਜੋ ਇੱਕੋ ਘਰ ਵਿੱਚ ਰਹਿੰਦਿਆਂ ਵੀ ਕਈ-ਕਈ ਦਿਨ ਇੱਕ ਦੂਜੇ ਦੇ ਮੱਥੇ ਨਹੀਂ ਲੱਗਦੇ, ਗੱਲ ਕਰਨੀ ਤਾਂ ਬਹੁਤ ਦੂਰ ਦੀ ਗੱਲ ਹੈ। ਜਾਇਦਾਦ ਦੇ ਝਗੜਿਆਂ ਨੇ ਵੀ ਪਰਿਵਾਰਾਂ ਵਿੱਚ ਤਣਾਅ ਬਹੁਤ ਵਧਾ ਦਿੱਤਾ ਹੈ। ਇੱਕ ਪੀੜ੍ਹੀ ਜਾਇਦਾਦਾਂ ਸਿਰਜਦੀ ਹੈ ਜ਼ਿੰਦਗੀ ਨੂੰ ਸੌਖਿਆਂ ਕਰਨ ਜਾਂ ਫਿਰ ਮਾੜੇ ਚੰਗੇ ਵਕਤ ਵਿੱਚ ਇਹ ਸਹਾਇਕ ਰਾਸ਼ੀ ਵਜੋਂ ਵਰਤੇ ਜਾ ਸਕਣ ਲਈ ਪਰ ਬਾਅਦ ਵਿੱਚ ਅਜਿਹੀਆਂ ਜਾਇਦਾਦਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਬਜ਼ੁਰਗ ਪੀੜ੍ਹੀ ਅਜਿਹੀ ਜਾਇਦਾਦ ਨੂੰ ਆਪਣੇ ਬੁਢਾਪੇ ਦੀ ਸੁਰੱਖਿਆ ਵਜੋਂ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਜਦਕਿ ਨਵੀਂ ਪੀੜ੍ਹੀ ਇਸ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਜਾਂ ਕਿਸੇ ਹੋਰ ਮਨੋਰਥ ਲਈ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀ ਹੈ। ਮਸਲਾ ਫਿਰ ਟਕਰਾਅ ਵਾਲਾ ਬਣ ਜਾਂਦਾ ਹੈ। 'ਹਿੱਕ 'ਤੇ ਰੱਖ ਕੇ ਮਰਿਓਂ' ਜਾਂ 'ਜਾਇਦਾਦਾਂ ਨਾਲ ਨਹੀਂ ਜਾਣੀਆਂ' ਵਰਗੇ ਆਮ ਸੁਣੇ ਜਾਂਦੇ ਸੰਵਾਦ ਅਜਿਹੇ ਮੌਕਿਆਂ 'ਤੇ ਪੈਦਾ ਹੋਈ ਕੁੜੱਤਣ ਦੀ ਹੀ ਪੈਦਾਵਾਰ ਹਨ। ਬੁਢਾਪਾ ਜ਼ਿੰਦਗੀ ਦੀ ਢਲਾਣ ਦਾ ਸਮਾਂ ਹੈ। ਸਰੀਰਕ ਸਮਰੱਥਾ ਘਟ ਜਾਂਦੀ ਹੈ ਤੇ ਕਈ ਵਾਰ ਇਸ ਉਮਰੇ ਬਜ਼ੁਰਗ ਗੰਭੀਰ ਬੀਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਦਿਲ, ਸਾਹ, ਕੈਂਸਰ ਵਰਗੀਆਂ ਬੀਮਾਰੀਆਂ ਅਜਿਹੀਆਂ ਹਨ ਜੋ ਪੈਸਾ, ਵਕਤ ਅਤੇ ਸੁਚੱਜੀ ਸਰੀਰਕ ਸਾਂਭ ਸੰਭਾਲ ਦੀ ਮੰਗ ਕਰਦੀਆਂ ਹਨ। ਸਾਡੇ ਮੁਲਕ ਵਿੱਚ ਬਹੁਤ ਘੱਟ ਹੀ ਬਜ਼ੁਰਗ ਹਨ ਜਿਨ੍ਹਾਂ ਨੂੰ ਸਿਹਤ ਸੰਭਾਲ ਜਾਂ ਹੋਰ ਅਜਿਹੇ ਮਸਲਿਆਂ ਲਈ ਸਮਾਜਿਕ ਸੁਰੱਖਿਆ ਉਪਲਬਧ ਹੈ। ਕੁਝ ਫ਼ੀਸਦੀ ਸੇਵਾਮੁਕਤ ਸਰਕਾਰੀ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਸਭ ਨੂੰ ਆਪਣਾ ਬੋਝ ਖ਼ੁਦ ਹੀ ਚੁੱਕਣਾ ਪੈਂਦਾ ਹੈ। ਸਰਕਾਰੀ ਢਾਂਚੇ ਤੋਂ ਮਿਲਦੀਆਂ ਪੈਨਸ਼ਨਾਂ ਸਾਰਿਆਂ ਨੂੰ ਮੁਹੱਈਆ ਨਹੀਂ ਤੇ ਉਂਜ ਵੀ ਉਹ ਇੰਨੀਆਂ ਨਿਗੂਣੀਆਂ ਹੁੰਦੀਆਂ ਹਨ ਕਿ ਦਵਾਈ ਦਾਰੂ ਦਾ ਖ਼ਰਚਾ ਵੀ ਪੂਰਾ ਨਹੀਂ ਹੁੰਦਾ। ਅਜਿਹੇ ਸਮੇਂ ਵਿੱਚ ਬਜ਼ੁਰਗਾਂ 'ਤੇ ਖ਼ਰਚਣ ਵਾਸਤੇ ਨਾ ਕੋਈ ਪੈਸਾ ਕੱਢ ਕੇ ਰਾਜ਼ੀ ਹੈ,ਨਾ ਵਕਤ ਦੇ ਕੇ ਤੇ ਨਾ ਹੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲੈ ਕੇ। ਨਤੀਜਾ ਜਾਂ ਤਾਂ ਬਜ਼ੁਰਗ ਆਪਣੀ ਪੁਸ਼ਤੈਨੀ ਰਿਹਾਇਸ਼ 'ਤੇ ਧੱਕੇ ਰੋਲਦੇ ਜ਼ਿੰਦਗੀ ਕੱਢਦੇ ਹਨ ਜਾਂ ਫਿਰ ਪੁੱਤਾਂ ਦੀ ਮਿਹਰ ਸਦਕਾ ਦੋ-ਦੋ, ਚਾਰ-ਚਾਰ ਮਹੀਨੇ ਕਿਸੇ ਬੱਚੇ ਦੇ ਘਰ ਵਿੱਚ ਮਹੀਨੇਵਾਰ ਕਿਸ਼ਤਾਂ ਵਾਂਗ ਵੰਡੇ ਜਾਂਦੇ ਹਨ ਪਰ ਅੱਜ-ਕੱਲ੍ਹ ਪੁੱਤ ਧੀ ਵੀ ਇੱਕ-ਇੱਕ ਹੀ ਰਹਿ ਗਏ ਹਨ। ਇਸ ਲਈ ਆਉਂਦੇ ਵਰ੍ਹਿਆਂ ਵਿੱਚ ਹਾਲਾਤ ਹੋਰ ਗੰਭੀਰ ਹੋਣੇ ਹਨ।

ਕੁਝ ਸਮਾਂ ਪਹਿਲਾਂ ਦਿੱਲੀ ਅਤੇ ਉਸ ਦੇ ਨਾਲ ਜੁੜੇ ਇਲਾਕਿਆਂ ਵਿੱਚ ਕੀਤੇ ਸਰਵੇ ਰਾਹੀਂ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ 44 ਫ਼ੀਸਦੀ ਭਾਵ ਅੱਧੇ ਦੇ ਕਰੀਬ ਬਜ਼ੁਰਗ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਇਕੱਲਤਾ ਮਹਿਸੂਸ ਕਰਦੇ ਹਨ। ਇਹ ਅੰਕੜਾ ਪੇਂਡੂ ਖੇਤਰਾਂ ਵਿੱਚ 20 ਫ਼ੀਸਦੀ ਦੇ ਕਰੀਬ ਹੈ ਕਿਉਂਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਅਜੇ ਉਨੀ ਬੁਰੀ ਤਰ੍ਹਾਂ ਨਹੀਂ ਟੁੱਟੀ। ਜ਼ਿਆਦਾਤਰ ਬਜ਼ੁਰਗਾਂ ਨੇ ਇਕੱਲਤਾ ਦਾ ਕਾਰਨ ਪਰਿਵਾਰਕ ਮੈਂਬਰਾਂ ਨਾਲ ਘੱਟ ਗੱਲਬਾਤ ਜਾਂ ਸਮਾਜਿਕ ਮੇਲ-ਜੋਲ ਨਾ ਹੋਣਾ ਦੱਸਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਲੋਕਾਂ ਦੀ ਔਸਤਨ ਉਮਰ ਵੀ ਵਧ ਰਹੀ ਹੈ। ਸਾਲ 2011 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 9 ਕਰੋੜ ਬਜ਼ੁਰਗ ਹਨ ਜੋ ਕਿ ਅਗਲੇ ਪੰਦਰਾਂ ਸਾਲ ਵਿੱਚ ਭਾਵ 2026 ਤਕ ਦੁਗਣੇ ਹੋ ਜਾਣਗੇ। ਇਸ ਉਮਰ ਵਿੱਚ ਬਹੁਤ ਵਾਰੀ ਜੀਵਨ ਸਾਥੀ ਇੱਕ-ਦੂਜੇ ਦਾ ਸਰੀਰਕ ਤੌਰ 'ਤੇ ਵੀ ਸਾਥ ਛੱਡ ਚੁੱਕੇ ਹੁੰਦੇ ਹਨ। ਇੱਕ ਦੂਜੇ ਦਾ ਹੌਸਲਾ ਬਣਾਈ ਰੱਖਣ ਜਾਂ ਵਕਤ ਬੇਵਕਤ ਇੱਕ ਦੂਜੇ ਦਾ ਛੋਟਾ ਮੋਟਾ ਕਾਜ ਸੰਵਾਰਨ ਲਈ ਉਨ੍ਹਾਂ ਦੇ ਕੋਲ ਕੋਈ ਆਪਣਾ ਸਹਾਰਾ ਨਹੀਂ ਹੁੰਦਾ। ਲੜਖੜਾਉਂਦੀਆਂ ਲੱਤਾਂ ਤੇ ਕੰਬਦੀਆਂ ਬਾਹਾਂ ਇੱਕ ਦੂਜੇ ਦੇ ਸਾਥ ਨਾਲ ਕੁਝ ਵਰ੍ਹੇ ਹੋਰ ਚੱਲ ਸਕਦੀਆਂ ਹਨ ਪਰ ਸਾਥੀ ਦਾ ਅਜਿਹਾ ਘਾਟਾ ਪੈ ਚੁੱਕਾ ਹੁੰਦਾ ਹੈ ਜਾਂ ਜ਼ਿੰਦਗੀ ਵਿੱਚ ਪੈਣਾ ਲਾਜ਼ਮੀ ਹੁੰਦਾ ਹੈ। ਸਥਿਤੀ ਕਈ ਵਾਰ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਸਾਰੀ ਉਮਰ ਇੱਕ-ਦੂਜੇ ਨਾਲ ਨਾ ਬਣੀ ਹੋਵੇ। ਇਹ ਸਥਿਤੀਆਂ ਬਦਲੀਆਂ ਜਾ ਸਕਦੀਆਂ ਹਨ। ਵਿਦੇਸ਼ਾਂ ਦਾ ਸਾਨੂੰ ਬਹੁਤ ਕੁਝ ਚੰਗਾ ਲੱਗਦਾ ਹੈ ਪਰ ਅਸੀਂ ਅਪਣਾਉਂਦੇ ਨਹੀਂ। ਵਿਦੇਸ਼ਾਂ ਵਿੱਚ ਵਿਦਿਆਰਥੀਆਂ ਨੂੰ ਕਮਿਊਨਿਟੀ ਸੇਵਾ ਵਾਸਤੇ ਸਵੈ-ਸੇਵਕ ਦੇ ਤੌਰ 'ਤੇ ਕੰਮ ਕਰਨਾ ਪੈਂਦਾ ਹੈ। ਕੋਈ ਵੀ ਡਿਗਰੀ ਜਾਂ ਕੋਰਸ ਦਾ ਸਰਟੀਫਿਕੇਟ ਦੇਣ ਤੋਂ ਪਹਿਲਾਂ ਉਨ੍ਹਾਂ ਲਈ ਤੀਹ ਘੰਟੇ ਜਾਂ ਪੰਜਾਹ ਘੰਟੇ ਦੀ ਅਜਿਹੀ ਸਮਾਜ ਸੇਵਾ ਕੀਤੀ ਹੋਣੀ ਜ਼ਰੂਰੀ ਹੁੰਦੀ ਹੈ। ਸਾਡੇ ਕੋਲ ਵਿਦਿਆਰਥੀਆਂ ਦੀਆਂ ਫ਼ੌਜਾਂ ਹਨ, ਉਨ੍ਹਾਂ ਕੋਲੋਂ ਲਏ ਕੁਝ ਘੰਟੇ ਬਜ਼ੁਰਗਾਂ ਨਾਲ ਬਿਤਾਉਣ ਲਈ ਵਰਤੇ ਜਾ ਸਕਦੇ ਹਨ। ਬਜ਼ੁਰਗਾਂ ਦਾ ਕੁਝ ਵਕਤ ਬਿਹਤਰ ਹੋ ਜਾਵੇਗਾ ਤੇ ਸ਼ਾਇਦ ਸਾਡੇ ਵਿਦਿਆਰਥੀ ਵੀ ਬਜ਼ੁਰਗਾਂ ਦੇ ਤਜਰਬਿਆਂ ਤੋਂ ਕੁਝ ਨਵੇਂ ਨੁਕਤੇ ਸਿੱਖ ਲੈਣ, ਜ਼ਿੰਦਗੀ ਨੂੰ ਸ਼ਿੰਗਾਰਨ ਵਾਸਤੇ ਜਾਂ ਉਨ੍ਹਾਂ ਦੀਆਂ ਗ਼ਲਤੀਆਂ ਦੇ ਸ਼ੀਸ਼ੇ ਵਿੱਚੋਂ ਕੁਝ ਨਵਾਂ ਚਿਤਰਣ ਵਾਸਤੇ। ਸਰਕਾਰਾਂ ਤੇ ਸਵੈ-ਸੇਵੀ ਸੰਸਥਾਵਾਂ ਨੂੰ ਸਾਂਝੇ ਸਹਿਯੋਗ ਨਾਲ ਸ਼ਹਿਰਾਂ ਵਿੱਚ ਸੀਨੀਅਰ ਸਿਟੀਜ਼ਨ ਪਾਰਕ ਜਾਂ ਕੋਈ ਵੀ ਸਾਂਝੀ ਜਗ੍ਹਾ ਦਾ ਵਿਕਾਸ ਕਰਨਾ ਚਾਹੀਦਾ ਹੈ ਜਿੱਥੇ ਬਜ਼ੁਰਗ ਇਕੱਠੇ ਹੋ ਕੇ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਣ। ਉਮਰ ਦੇ ਅਨੁਸਾਰ ਖੇਡ ਤਮਾਸ਼ਿਆਂ ਵਿੱਚ ਹਿੱਸਾ ਲੈ ਸਕਣ। ਤਿਆਰ ਹੋ ਕੇ ਘਰ ਤੋਂ ਬਾਹਰ ਨਿਕਲਣ ਦਾ ਚਾਅ ਪ੍ਰਾਪਤ ਕਰ ਸਕਣ। ਮੁੰਬਈ ਵਿੱਚ ਇੱਕ ਅਜਿਹੀ ਪਾਰਕ ਹੈ ਜਿੱਥੇ ਬਜ਼ੁਰਗ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ। ਅਜਿਹੇ ਇਕੱਠਾਂ ਵਿੱਚ ਬਜ਼ੁਰਗਾਂ ਦੇ ਤਜਰਬੇ ਦਾ ਫਾਇਦਾ ਲੈਣ ਲਈ ਉੱਥੇ ਆਮ ਲੋਕਾਂ ਦਾ ਆਉਣਾ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਬਜ਼ੁਰਗਾਂ ਦੇ ਸਾਰੀ ਉਮਰ ਕੀਤੇ ਕੰਮਾਂ ਦੇ ਤਜਰਬੇ ਦੇ ਹਿਸਾਬ ਨਾਲ ਉਨ੍ਹਾਂ ਕੋਲੋਂ ਨੌਜਵਾਨ ਬਹੁਤ ਕੁਝ ਸਿੱਖ ਸਕਦੇ ਹਨ। ਸੱਠ ਸਾਲ ਤੋਂ ਬਾਅਦ ਜੀਵਨ ਦਾ ਕੋਈ ਅੰਤ ਨਹੀਂ ਹੋ ਜਾਂਦਾ। ਸਰਕਾਰਾਂ ਤੇ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਬਜ਼ੁਰਗ ਕੋਈ ਸੇਵਾ ਦੇ ਸਕਦੇ ਹੋਣ, ਉਨ੍ਹਾਂ ਨੂੰ ਰੁਝੇਵੇਂ ਵਿੱਚ ਰੱਖਣ ਲਈ ਕੋਈ ਨਾ ਕੋਈ ਕੰਮ ਲਿਆ ਜਾਵੇ। ਬਜ਼ੁਰਗਾਂ ਨੂੰ ਜ਼ਿੰਦਗੀ ਦੀ ਸ਼ਾਮ ਵਿੱਚ ਬਲੀ ਦੇ ਬੱਕਰੇ ਵਾਂਗ ਛੱਡ ਦੇਣਾ ਸੱਭਿਅਕ ਸਮਾਜ ਵਿੱਚ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਾਡੀ ਜ਼ਿੰਦਗੀ ਨੂੰ ਇਹ ਰੂਪ ਦੇਣ ਵਾਲੇ ਬਜ਼ੁਰਗ ਹੀ ਹਨ ਜੋ ਕਿ ਕਦੇ ਜਵਾਨ ਸਨ। ਉਨ੍ਹਾਂ ਦੀ ਸੁਚੱਜੀ ਸਾਂਭ-ਸੰਭਾਲ ਸਾਡੀ ਨੈਤਿਕ ਤੇ ਸਮਾਜੀ ਜ਼ਿੰਮੇਵਾਰੀ ਬਣਦੀ ਹੈ।

# ਭੂਤ ਪ੍ਰੇਤ - ਮਨੋਵਿਗਿਆਨ ਦੀ ਨਜ਼ਰ



ਪਿਛਲੇ ਦਿਨੀਂ ਪੰਜਾਬ ਦੇ ਪਿੰਡ ਭਿੰਡਰ ਕਲਾਂ ਵਿਖੇ 10 ਸਾਲਾਂ ਦੀ ਇੱਕ ਮਾਸੂਮ ਬੱਚੀ ਵੀਰਪਾਲ ਕੌਰ ਨੂੰ ਪੁੱਛਾਂ ਦੇਣ ਵਾਲੀ ਪਿੰਡ ਦੀ ਸਰਪੰਚਣੀ ਪਾਲ ਕੌਰ ਵੱਲੋਂ ਇਹ ਕਹਿ ਕੇ ਗਰਮ ਚਿਮਟਿਆਂ ਨਾਲ਼ ਕੁੱਟਿਆ ਗਿਆ ਕਿ ਉਸ 'ਚ ਭੂਤ ਹਨ ।ਉਹ ਮਾਸੂਮ ਪਾਣੀ ਮੰਗਦੀ ਰਹੀ ਪਰ ਸਰਪੰਚਣੀ ਵੱਲੋਂ ਇਹ ਕਹਿ ਕੇ ਬੱਚੀ ਨੂੰ ਪਾਣੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਕਿ ਭੂਤ ਪਾਣੀ ਮੰਗਦਾ ਹੈ । ਉਸ ਬੱਚੀ ਦੇ ਵਾਲ ਪੱਟੇ ਗਏ ਤੇ ਵਹਿਸ਼ਿਆਨਾ ਵਿਵਹਾਰ ਕੀਤਾ ਗਿਆ ।ਉਸ ਸਮੇਂ ਪਿੰਡ ਦੇ ਬਹੁਤ ਸਾਰੇ ਲੋਕ ਵੀ ਘਟਨਾ ਸਥਲ 'ਤੇ ਮੌਜੂਦ ਸਨ ਪਰ ਕਿਸੇ ਵੱਲੋਂ ਬੱਚੀ ਨੂੰ ਇਸ ਅੱਤਿਆਚਾਰ ਤੋਂ ਬਚਾਉਣ ਦਾ ਉਪਰਾਲਾ ਨਾ ਕੀਤਾ ਗਿਆ ।ਇਸ ਘਟਨਾ ਅੰਤ ਉਸ ਬੱਚੀ ਦੀ ਮੌਤ ਨਾਲ ਹੋਇਆ । ਬਾਅਦ 'ਚ ਤਾਂ ਉਹੀ ਹੋਇਆ ਜੋ ਹੋਣਾ ਸੀ, ਭਾਵ ਪੁਲਿਸ ਕੇਸ ਤੇ ਗ੍ਰਿਫ਼ਤਾਰੀਆਂ । ਪਰ ਵਿਚਾਰਨਯੋਗ ਤਾਂ ਇਹ ਹੈ ਕਿ 21ਵੀਂ ਸਦੀ ਦੇ ਇਸ ਯੁੱਗ 'ਚ ਵੀ ਇਹ ਕੁਝ ਚੱਲ ਰਿਹਾ ਹੈ, ਤਾਂ ਉਸਦਾ ਕਾਰਣ ਕੀ ਹੈ ? ਆਖਿਰ ਕਮੀ ਕਿੱਥੇ ਹੈ ?

ਇਸ ਸੰਬੰਧ 'ਚ ਪੰਜਾਬ 'ਚ ਭਵਾਨੀਗੜ੍ਹ ਦੇ ਲਾਗੇ ਪਿੰਡ ਰਾਮਪੁਰਾ ਰਹਿਣ ਵਾਲੇ ਪਵਿੱਤਰ ਬਾਬਾ ਤੇ ਤਿਰਲੋਚਨ ਸਿੰਘ ਨਾਲ ਗੱਲਬਾਤ ਹੋਈ ।ਪਵਿੱਤਰ ਬਾਬਾ ਪਿਛਲੇ ਕਰੀਬ 20 ਸਾਲਾਂ ਤੋਂ ਲੋਕਾਂ 'ਚੋਂ ਭੂਤ ਕੱਢਣ ਦਾ ਕੰਮ ਸੇਵਾ ਭਾਵਨਾ ਨਾਲ ਕਰ ਰਹੇ ਹਨ ਤੇ ਦਸ ਹਜ਼ਾਰ ਤੋਂ ਵੱਧ ਰੋਗੀਆਂ ਦਾ ਇਲਾਜ ਉਹ ਸਫਲਤਾਪੂਰਵਕ ਕਰ ਚੁੱਕੇ ਹਨ । ਉਹ ਅਸਲ 'ਚ ਬਾਬਾ ਨਹੀਂ ਹਨ, ਸੱਚੀ ਸੁੱਚੀ ਕਿਰਤ ਕਮਾਈ ਕਰ ਕੇ ਪਰਿਵਾਰ ਪਾਲਣ ਵਾਲਾ ਇਨਸਾਨ ਹੈ, ਪਵਿੱਤਰ ਸਿੰਘ ਉਰਫ ਪਵਿੱਤਰ ਬਾਬਾ ।ਉਨ੍ਹਾਂ ਦੇ ਨਾਮ ਨਾਲ ਬਾਬਾ ਸ਼ਬਦ ਕਿਵੇਂ ਲੱਗਾ, ਇਸ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਲੋਕ ਇਹੀ ਸਮਝਦੇ ਹਨ ਕਿ ਭੂਤ ਪ੍ਰੇਤ ਕੱਢਣ ਦਾ ਕੰਮ ਬਾਬੇ ਹੀ ਕਰ ਸਕਦੇ ਹਨ, ਇਸ ਲਈ ਕੁਝ ਲੋਕਾਂ ਨੇ ਉਨ੍ਹਾਂ ਨੂੰ ਬਾਬਾ ਕਹਿਣਾ ਸ਼ੁਰੂ ਕਰ ਦਿੱਤਾ ਤੇ ਉਹ ਇਸੇ ਨਾਮ ਨਾਲ ਮਸ਼ਹੂਰ ਹੋ ਗਏ। ਜਦ ਕਿ ਉਨ੍ਹਾਂ ਦੇ ਇਲਾਜ ਕਰਨ ਵਾਲੇ ਕਮਰੇ 'ਚ ਨਾ ਕਿਸੇ ਪੀਰ ਫਕੀਰ ਦੀ ਫੋਟੋ ਹੈ ਤੇ ਨਾ ਹੀ ਦੇਵੀ ਦੇਵਤਾ ਦੀ ।ਬਹੁਤ ਸਾਰੇ ਲੋਕ ਉਨ੍ਹਾਂ ਨੂੰ ਦੇਖਕੇ ਸਮਝਦੇ ਹਨ ਕਿ ਗ਼ਲਤ ਜਗ੍ਹਾ ਤੇ ਆ ਗਏ ਜਦਕਿ ਅਸਲ 'ਚ ਬਥੇਰੀਆਂ ਥਾਵਾਂ ਤੇ ਭਟਕਣ ਤੋਂ ਬਾਅਦ ਉਹ ਸਹੀ ਜਗ੍ਹਾ 'ਤੇ ਆਏ ਹੁੰਦੇ ਹਨ ।ਪਵਿੱਤਰ ਸਿੰਘ ਸੰਮੋਹਣ ਦੇ ਮਾਹਿਰ ਹਨ ।ਸੰਮੋਹਣ ਉਹ ਕਲਾ ਹੈ, ਉਹ ਮਨੋਵਿਗਿਆਨ ਹੈ, ਜਿਸ ਦੁਆਰਾ ਕਿਸੇ ਵਿਅਕਤੀ ਦੇ ਅਵਚੇਤਨ ਮਨ 'ਚ ਵੱਸੀਆਂ ਗ਼ਲਤ ਗੱਲਾਂ ਕੱਢ ਕੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੰਦਰੁਸਤ ਕੀਤਾ ਜਾਂਦਾ ਹੈ, ਉਨ੍ਹਾਂ ਦੇ ਮਨੋਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ ।ਉਹ ਵੱਖ ਵੱਖ ਸਕੂਲਾਂ, ਕਾਲਜਾਂ, ਪ੍ਰੋਫੈਸਰਾਂ ਤੇ ਡਾਕਟਰਾਂ ਨੂੰ ਵੀ ਇਸ ਵਿਸ਼ੇ 'ਤੇ ਲੈਕਚਰ ਦਿੰਦੇ ਹਨ । ਉਨ੍ਹਾਂ ਦੇ ਸਹਿਯੋਗੀ ਤਿਰਲੋਚਨ ਸਿੰਘ ਸਕੋਲੋਜਿਸਟ ਹਨ, ਜੋ ਕਿ ਚੰਡੀਗੜ੍ਹ, ਮੋਹਾਲੀ ਤੇ ਪੰਜਾਬ ਦੇ ਹੋਰ ਕਈ ਹਸਪਤਾਲਾਂ 'ਚ ਸਕੋਲੋਜਿਸਟ ਵਜੋਂ ਕੰਮ ਕਰ ਰਹੇ ਹਨ ਤੇ ਕਰੀਬ ਅੱਠ ਵਰ੍ਹਿਆਂ ਤੋਂ ਪਵਿੱਤਰ ਜੀ ਨਾਲ ਮਿਲ ਕੇ ਕੰਮ ਕਰ ਰਹੇ ਹਨ ।ਉਹ ਪੰਜਾਬ ਯੂਨੀਵਰਸਿਟੀ ਤੋਂ ਮਨੋਰੋਗਾਂ 'ਤੇ ਪੀ ਐਚ ਡੀ ਵੀ ਕਰ ਰਹੇ ਹਨ । ਪਵਿੱਤਰ ਸਿੰਘ ਨੇ ਦੱਸਿਆ ਕਿ ਬਹੁਤ ਸਾਰੇ ਲੋਕ ਚੋਰੀ ਆਦਿ ਹੋਣ ਦੀ ਸੂਰਤ 'ਚ ਹਜ਼ਰਾਇਤ ਕਢਾਉਣ ਜਾਂਦੇ ਹਨ, ਭਾਵ ਜੋਤਸ਼ੀ ਜਾਂ ਬਾਬਾ ਕਿਸੇ ਬੱਚੇ ਨੂੰ ਉਸਦੇ ਨਹੁੰ 'ਚ ਚੋਰ ਦੀ ਫੋਟੋ ਦਿਖਾ ਦਿੰਦਾ ਹੈ । ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹਜ਼ਰਾਇਤ ਕੱਢਣ ਲਈ ਬੱਚੇ ਨੂੰ ਹੀ ਬੁਲਾਇਆ ਜਾਂਦਾ ਹੈ, ਕਿਸੇ ਵੱਡੇ ਨੂੰ ਨਹੀਂ ।ਅਸਲ 'ਚ ਇਹ ਵੀ ਸੰਮੋਹਣ ਦੀ ਹੀ ਇੱਕ ਕਿਸਮ ਹੈ ।ਜਦ ਬਹੁਤ ਦੇਰ ਤੱਕ ਟਿਕਟਿਕੀ ਲਗਾ ਕੇ ਦੇਖਿਆ ਜਾਂਦਾ ਹੈ ਤਾਂ ਅੱਖਾਂ ਥੱਕ ਜਾਂਦੀਆਂ ਹਨ ਤੇ ਉਪਰੋਂ ਮਾਹੌਲ ਵੀ ਕੁਝ ਇਸੇ ਹੀ ਤਰ੍ਹਾਂ ਦਾ ਸਿਰਜਿਆ ਹੋਇਆ ਹੁੰਦਾ ਹੈ ।ਸਮੇਂ ਮੁਤਾਬਿਕ ਕੀਤੀਆਂ ਗੱਲਾਂਬਾਤਾਂ, ਸਿਰਜੇ ਗਏ ਮਾਹੌਲ ਤੇ ਦਿਮਾਗ ਦੁਆਰਾ ਉਸੇ ਪ੍ਰਕਾਰ ਦੇ ਦ੍ਰਿਸ਼ ਦੀ ਕਲਪਨਾ ਕਰਨ ਸਦਕਾ ਉਹ ਬੱਚਾ ਉਹੀ ਗੱਲਬਾਤ ਕਹਿੰਦਾ ਜਾਂ ਕਰਦਾ ਹੈ, ਜੋ ਉਸਤੋਂ ਕਰਾਇਆ ਜਾਂਦਾ ਹੈ । ਇਸ ਸੰਬੰਧ 'ਚ ਪਵਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਾਣ ਪਹਿਚਾਣ ਦੇ ਪਰਿਵਾਰ ਦੀ ਇੱਕ ਕੁੜੀ ਦੇ ਸਹੁਰੇ ਪਰਿਵਾਰ ਨੂੰ ਕਿਸੇ ਤਾਂਤਰਿਕ ਨੇ ਵਹਿਮ 'ਚ ਪਾ ਦਿੱਤਾ ਕਿ ਉਨ੍ਹਾਂ ਦੇ ਪੂਰੇ ਪਰਿਵਾਰ ਦੇ ਮਗਰ ਮਸਾਣੀ ਪਾਈ ਹੋਈ ਹੈ। ਇਸ ਗੱਲ ਦਾ ਸਬੂਤ ਉਸ ਤਾਂਤਰਿਕ ਨੇ ਇਸ ਤਰੀਕੇ ਨਾਲ਼ ਦਿੱਤਾ ਕਿ ਐਲੂਮੀਨੀਅਮ ਦਾ ਇੱਕ ਬਰਤਨ ਪਰਿਵਾਰ ਦੇ ਜਿਸ ਵੀ ਜੀਅ ਨੂੰ ਫੜਾਇਆ ਜਾਂਦਾ, ਉਸਨੂੰ ਉਹ ਬਰਤਨ ਗਰਮ ਲੱਗਣ ਲੱਗਦਾ । ਤਾਂਤਰਿਕ ਨੇ ਹਜ਼ਰਾਇਤ ਕਢਵਾਉਣ ਦੀ ਸਲਾਹ ਦਿੱਤੀ ਤਾਂ ਇਲਜ਼ਾਮ ਉਸ ਲੜਕੀ 'ਤੇ ਆ ਗਿਆ। ਗੱਲ ਪੰਚਾਇਤਾਂ ਤੋਂ ਬਾਅਦ ਛੱਡ ਛਡਾ ਤੱਕ ਪੁੱਜ ਗਈ ਤੇ ਉਸ ਲੜਕੀ ਦੇ ਸਹੁਰੇ ਪਰਿਵਾਰ ਨੇ ਸਾਮਾਨ ਚੁੱਕਣ ਤੇ ਕੁੜੀ ਨੂੰ ਵਾਪਸ ਲੈ ਜਾਣ ਬਾਰੇ ਉਸਦੇ ਪੇਕੇ ਪਰਿਵਾਰ ਨੂੰ ਕਹਿ ਦਿੱਤਾ। ਪਵਿੱਤਰ ਸਿੰਘ ਦੇ ਸ਼ਬਦਾਂ 'ਚ; ਜਦ ਪੇਕਾ ਪਰਿਵਾਰ ਸਮਾਨ ਚੁੱਕਣ ਗਿਆ ਤਾਂ ਉਹ ਮੈਨੂੰ ਵੀ ਨਾਲ਼ ਲੈ ਗਏ ।ਉਥੇ ਜਾ ਕੇ ਇੱਕ ਸਿਆਣੇ ਦੇ ਰੂਪ 'ਚ ਆਪਣੀ ਜਾਣ ਪਹਿਚਾਣ ਕਰਵਾਈ ਤੇ ਦੋਬਾਰਾ ਹਜ਼ਰਾਇਤ ਕੱਢਣ ਦੀ ਸਲਾਹ ਦਿੱਤੀ ।ਦੋਬਾਰਾ ਫਿਰ ਤਾਂਤਰਿਕ ਵਾਲੇ ਤਰੀਕੇ ਨਾਲ਼ ਸਾਰੇ ਪਰਿਵਾਰ ਨੂੰ ਐਲੂਮੀਨੀਅਮ ਦਾ ਬਰਤਨ ਫੜਨ ਨਾਲ ਗਰਮ ਮਹਿਸੂਸ ਹੋਇਆ ।ਹਜ਼ਰਾਇਤ ਕੱਢਣ ਲਈ ਉਥੇ ਚਾਹ ਦੇ ਖੋਖੇ 'ਤੇ ਕੰਮ ਕਰਨ ਵਾਲਾ ਇੱਕ ਲੜਕਾ (ਬੱਚਾ) ਬੁਲਾਇਆ ਗਿਆ ।ਮੈਂ ਉਸਨੂੰ ਕਿਹਾ ਕਿ ਚਾਹ ਬਣਾ ਕੇ ਲਿਆ ।ਲੜਕੇ ਦਾ ਜੁਆਬ ਸੀ ਕਿ ਅੱਜ ਖੋਖਾ ਬੰਦ ਹੈ, ਕਿਉਂ ਜੋ ਐਤਵਾਰ ਦਾ ਦਿਨ ਸੀ ।ਮੈਂ ਕਿਹਾ ਕਿ ਦੇਖ ਤੇਰੇ ਨਹੁੰ 'ਚ ਹੀ ਤੇਰਾ ਖੋਖਾ ਖੁੱਲਵਾ ਦਿੰਦੇ ਹਾਂ ।ਉਸ ਲੜਕੇ ਦੇ ਨਹੁੰ 'ਤੇ ਤਵੇ ਦੀ ਕਾਲਖ਼ ਤੇ ਸਰੋਂ ਦਾ ਤੇਲ ਲਗਾਉਣ ਤੋਂ ਬਾਅਦ ਉਸਨੂੰ ਸੰਮੋਹਿਤ ਕੀਤਾ ਤੇ ਲੜਕੇ ਨੂੰ ਹਦਾਇਤਾਂ ਦਿੱਤੀਆਂ ਕਿ ਦੋ ਕੱਪ ਚਾਹ ਬਣਾ... ਚਾਹ ਪਾ ਕੇ ਦੇ ।ਲੜਕੇ ਨੇ ਅਚਾਨਕ ਕਿਹਾ ਕਿ ਪੁਲਿਸ ਚੌਕੀ ਵਾਲੇ ਕਹਿੰਦੇ ਹਨ ਕਿ ਪਹਿਲਾਂ ਚਾਹ ਸਾਨੂੰ ਚਾਹੀਦੀ ਹੈ, ਤਾਂ ਮੈਂ ਪਹਿਲਾਂ ਉਨ੍ਹਾਂ ਨੂੰ ਚਾਹ ਦੇ ਕੇ ਆਉਂਦਾ ਹਾਂ । ਜਦ ਲੜਕੇ ਨੂੰ ਸੰਮੋਹਨ ਦੀ ਨੀਂਦ ਤੋਂ ਉਠਾਇਆ ਗਿਆ ਤਾਂ ਉਹ ਕਹੇ ਕਿ ਮੈਂ ਹੁਣੇ ਪੁਲਿਸ ਚੌਕੀ 'ਚ ਚਾਹ ਦੇ ਕੇ ਆਇਆ ਹਾਂ, ਜਦ ਕਿ ਸਾਰਾ ਟੱਬਰ ਇਹ ਸਭ ਕੁਝ ਵਾਪਰ ਰਿਹਾ ਦੇਖ ਰਿਹਾ ਸੀ । ਇਸ ਸਭ ਕੁਝ ਤੋਂ ਬਾਅਦ ਲੜਕੀ ਦੇ ਸਹੁਰੇ ਪਰਿਵਾਰ ਨੂੰ ਸਾਰੀ ਅਸਲੀਅਤ ਸਮਝਾਈ ਗਈ ਕਿ ਲੜਕੇ ਦਾ ਪੁਲਿਸ ਚੌਕੀ 'ਚ ਚਾਹ ਫੜਾਉਣ ਜਾਣ ਬਾਰੇ ਕਹਿਣਾ, ਉਸੇ ਕਿਸਮ ਦਾ ਮਾਹੌਲ ਸਿਰਜਣਾ ਤੇ ਸੰਮੋਹਿਤ ਕਰਨਾ ਸੀ । ਬਰਤਨ ਗਰਮ ਜਾਪਣ ਦਾ ਕਾਰਨ ਐਲੂਮੀਨੀਅਮ ਧਾਤ ਦਾ ਖਾਸ ਕੈਮੀਕਲ ਨਾਲ਼ ਰੀਐਕਸ਼ਨ ਹੋਣਾ/ਕਰਨਾ ਸੀ । ਪਵਿੱਤਰ ਸਿੰਘ ਨੇ ਦੱਸਿਆ ਕਿ ਜਿਸ ਸਹੁਰੇ ਪਰਿਵਾਰ ਨੇ ਲੜਕੀ ਦਾ ਸਮਾਨ ਚੁਕਾਉਣ ਲਈ ਬੁਲਾਇਆ ਸੀ, ਬਾਅਦ 'ਚ ਮਠਿਆਈ ਵੰਡੀ ਕਿ ਉਨ੍ਹਾਂ ਦਾ ਘਰ ਟੁੱਟਣ ਤੋਂ ਬਚ ਗਿਆ ਹੈ। ਪਵਿੱਤਰ ਸਿੰਘ ਤੇ ਤਿਰਲੋਚਨ ਸਿੰਘ ਨੇ ਦੱਸਿਆ ਕਿ ਕਰੀਬ ਦਸ ਹਜ਼ਾਰ ਲੋਕਾਂ ਦਾ ਇਲਾਜ ਕਰਨ ਤੋਂ ਬਾਅਦ ਅੱਜ ਤੱਕ ਉਨ੍ਹਾਂ ਨੂੰ ਕੋਈ ਭੂਤ ਪ੍ਰੇਤ ਨਹੀਂ ਮਿਲਿਆ । ਜਦ ਕਿ ਆਮ ਲੋਕ, ਜਿਨ੍ਹਾਂ ਦਾ ਕਿ ਅਜਿਹੀਆਂ ਗੱਲਾਂ ਨਾਲ਼ ਕਦੇ ਵਾਹ ਵਾਸਤਾ ਨਹੀਂ ਪਿਆ ਹੁੰਦਾ, ਉਹ ਉਨ੍ਹਾਂ ਦੇ ਚਿਹਰੇ ਦੇ ਹਾਵ ਭਾਵ, ਹਰਕਤਾਂ ਆਦਿ ਦੇਖਕੇ ਇਹੀ ਸਮਝਦੇ ਹਨ ਕਿ ਉਨ੍ਹਾਂ 'ਚ ਭੂਤ ਪ੍ਰੇਤ ਹੈ ।ਅਸਲ 'ਚ ਉਨ੍ਹਾਂ ਲੋਕਾਂ ਦੇ ਅਵਚੇਤਨ ਮਨ 'ਚ ਇਹੀ ਭਾਵਨਾ ਵੱਸੀ ਹੁੰਦੀ ਹੈ ਕਿ ਉਨ੍ਹਾਂ 'ਚ ਭੂਤ ਆਇਆ ਹੋਇਆ ਹੈ । ਇਹ ਮਨੋਰੋਗ ਹਨ ਤੇ ਇੱਕ ਮਾਨਸਿਕ ਸਥਿਤੀ ਹੀ ਹੁੰਦੀ ਹੈ, ਜਿਸਨੂੰ ਭੂਤਾਂ ਪ੍ਰੇਤਾਂ ਨਾਲ਼ ਜੋੜ ਲੈਂਦੇ ਹਾਂ । ਇਨ੍ਹਾਂ ਮਨੋਰੋਗਾਂ ਨੂੰ ਲੋਕ ਆਪਣੀਆਂ ਸੱਭਿਆਚਾਰਕ, ਧਾਰਮਿਕ ਜਾਂ ਸਮਾਜਿਕ ਆਸਥਾਵਾਂ ਨਾਲ਼ ਜੋੜ ਕੇ ਦੇਖਦੇ ਹਨ ।ਸਭ ਤੋਂ ਪਹਿਲਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਮਨ ਕੀ ਹੈ ? ਜਿਵੇਂ ਕਿ ਅਸੀਂ ਹੱਥ, ਪੈਰ, ਦਿਲ, ਦਿਮਾਗ ਆਦਿ ਅੰਗਾਂ ਨੂੰ ਛੂਹ ਸਕਦੇ ਹਾਂ, ਮਨ ਸਰੀਰ ਦਾ ਅਜਿਹਾ ਕੋਈ ਅੰਗ ਨਹੀਂ ਜਿਸਨੂੰ ਦੇਖਿਆ ਜਾਂ ਛੂਹਿਆ ਜਾ ਸਕੇ ।ਮਨ ਵਿਚਾਰਾਂ ਦਾ ਇੱਕ ਸਮੂਹ ਹੈ ।ਮਨ ਦੀਆਂ ਕਈ ਪਰਤਾਂ ਹਨ, ਜੋ ਕਿ ਅਲੱਗ ਅਲੱਗ ਰੋਲ ਅਦਾ ਕਰਦੀਆਂ ਹਨ । ਇਨ੍ਹਾਂ 'ਚ ਮਹੱਤਵਪੂਰਣ ਪਰਤ ਹੈ, ਅਵਚੇਤਨ ਮਨ । ਸਾਡੀ ਯਾਦਾਸ਼ਤ 'ਚ ਅਵਚੇਤਨ ਮਨ ਦਾ ਬਹੁਤ ਵੱਡਾ ਰੋਲ ਹੁੰਦਾ ਹੈ, ਯਾਦਾਸ਼ਤ 'ਚ ਤਕਰੀਬਨ 99% ਰੋਲ ਅਵਚੇਤਨ ਮਨ ਦਾ ਹੀ ਹੁੰਦਾ ਹੈ ।ਵਿਗਿਆਨ ਦਾ ਮੰਨਣਾ ਹੈ ਕਿ ਗਰਭ ਦੇ ਛੇਵੇਂ ਸੱਤਵੇਂ ਮਹੀਨੇ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੀਆਂ ਸਾਰੀਆਂ ਘਟਨਾਵਾਂ ਨੂੰ ਮਨ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਰਿਕਾਰਡ ਕਰਦਾ ਰਹਿੰਦਾ ਹੈ, ਚਾਹੇ ਉਹ ਘਟਨਾਵਾਂ ਸਕੂਲ 'ਚ ਵਾਪਰਨ, ਘਰ 'ਚ ਜਾਂ ਕਿਸੇ ਹੋਰ ਸਮਾਜਿਕ ਖੇਤਰ 'ਚ ਵਿਚਰਦਿਆਂ ਹੋਇਆਂ । ਕਿਸੇ ਵੀ ਸਮੇਂ ਦੌਰਾਨ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਚਾਹੇ ਉਹ ਬਹੁਤ ਜ਼ਿਆਦਾ ਕੁੱਟਮਾਰ ਦਾ ਸ਼ਿਕਾਰ ਹੋਵੇ, ਮਾਨਸਿਕ ਸ਼ੋਸ਼ਣ ਹੋਵੇ, ਸਰੀਰਕ ਸ਼ੋਸ਼ਣ ਜਾਂ ਯੌਨ ਸ਼ੋਸ਼ਣ ਆਦਿ, ਉਹ ਮਨ 'ਚ ਰਿਕਾਰਡ ਰਹਿੰਦੀਆਂ ਹਨ । ਕਿਸੇ ਵੀ ਵਿਅਕਤੀ ਦਾ ਵਿਅਕਤੀਤਵ, ਧਾਰਣਾਵਾਂ ਜਾਂ ਕਿਸੇ ਚੀਜ਼ 'ਤੇ ਵਿਸ਼ਵਾਸ਼ ਤੱਕ ਕਰਨਾ ਉਸਦੇ ਅਵਚੇਤਨ ਮਨ ਦੀ ਸਥਿਤੀ 'ਤੇ ਨਿਰਭਰ ਕਰਦਾ ਹੈ ।ਜਦ ਅਵਚੇਤਨ ਮਨ ਦੀ ਅਜਿਹੀ ਕੋਈ ਘਟਨਾ ਉਸ ਵਿਅਕਤੀ ਦੇ ਵਿਚਾਰਾਂ 'ਚ ਫਸ ਜਾਂਦੀ ਹੈ ਤਾਂ ਉਹ ਮਨੋਰੋਗਾਂ ਦਾ ਰੂਪ ਧਾਰਣ ਕਰ ਲੈਂਦੀ ਹੈ ।ਭੂਤ ਪ੍ਰੇਤ ਵੀ ਮਨੋਰੋਗਾਂ ਦੀ ਹੀ ਇੱਕ ਕਿਸਮ ਹੈ ।ਇਸ ਮਨੋਰੋਗ ਨੂੰ ਮਲਟੀਪਲ ਪ੍ਰਸਨੈਲਟੀਜ਼ ਡਿਸਆਰਡਰ ਕਿਹਾ ਜਾਂਦਾ ਹੈ ।ਇਸ ਵਿਸ਼ੇ 'ਤੇ ਬਹੁਤ ਸਾਰੇ ਨਾਵਲ ਲਿਖੇ ਗਏ ਤੇ ਫਿਲਮਾਂ ਵੀ ਬਣੀਆਂ ਹਨ । ਬਾਅਦ 'ਚ ਇਸਦਾ ਮਨੋਰੋਗ ਦਾ ਨਾਮ ਬਦਲ ਕੇ ਡਿਸੋਸੀਏਟਿਵ ਆਈਡੈਂਟਟੀ ਡਿਸਆਰਡਰ ਰੱਖਿਆ ਗਿਆ ਹੈ, ਭਾਵ ਰੋਗਗ੍ਰਸਤ ਵਿਅਕਤੀ ਆਪਣੇ ਅਸਲ ਵਿਅਕਤੀਤਵ ਤੇ ਹਕੀਕਤ ਨਾਲੋਂ ਟੁੱਟ ਜਾਂਦਾ ਹੈ, ਉਸਨੂੰ ਭੁੱਲ ਜਾਂਦਾ ਹੈ ਤੇ ਇੱਕ ਨਵਾਂ ਵਿਅਕਤੀਤਵ ਆਉਣ ਕਾਰਣ ਆਪਣੇ ਆਪ ਨਾਲੋਂ ਅਲੱਗ ਹੋ ਜਾਂਦਾ ਹੈ । ਇਸ ਦਾ ਕਾਰਣ ਭੂਤਕਾਲ ਜਾਂ ਬਚਪਨ 'ਚ ਵਾਪਰੀਆਂ ਕੁਝ ਅਣਚਾਹੀਆਂ ਘਟਨਾਵਾਂ ਉਸਨੂੰ ਪ੍ਰੇਸ਼ਾਨ ਕਰਦੀਆਂ ਹਨ, ਉਸਦਾ ਮਨ ਆਪਣੇ ਆਪ ਉਨ੍ਹਾਂ ਤੋਂ ਬਚਣ ਲਈ ਇੱਕ ਮਾਹੌਲ, ਇੱਕ ਨਵਾਂ ਵਿਅਕਤੀਤਵ ਸਿਰਜਦਾ ਹੈ, ਉਸ ਘਟਨਾ ਨੂੰ ਭੁੱਲਣ ਦਾ ਯਤਨ ਕਰਦਾ ਹੈ ਤੇ ਉਹ ਨਵਾਂ ਕਾਲਪਨਿਕ ਵਿਅਕਤੀਤਵ ਉਸ ਉਪਰ ਭਾਰੂ ਹੋ ਜਾਂਦਾ ਹੈ ਤੇ ਆਲੇ ਦੁਆਲੇ ਦੇ ਮਾਹੌਲ ਮੁਤਾਬਿਕ ਜਿਸ ਪ੍ਰਤੀ ਉਸਦੀ ਆਸਥਾ ਹੁੰਦੀ ਹੈ, ਕਿਸੇ ਬਾਬੇ ਪ੍ਰਤੀ, ਧਾਰਮਿਕ ਸੰਸਥਾ ਪ੍ਰਤੀ ਜਾਂ ਭੂਤਾਂ ਪ੍ਰੇਤਾਂ ਪ੍ਰਤੀ ਆਸਥਾ ਹੋਵੇ, ਉਸੇ ਨੂੰ ਉਸ ਵਿਅਕਤੀ 'ਚ ਪ੍ਰਗਟ ਹੋਇਆ ਮੰਨ ਲਿਆ ਜਾਂਦਾ ਹੈ ।ਜਦ ਉਸਦੀ ਅਜਿਹੀ ਅਵਸਥਾ ਹੁੰਦੀ ਹੈ, ਤਾਂ ਉਸਦੇ ਅਸਲ ਵਿਅਕਤੀਤਵ ਨਾਲ ਉਸਦਾ ਕੋਈ ਮੇਲ ਨਹੀਂ ਹੁੰਦਾ । ਇਹ ਅਜਿਹੀ ਗੰਭੀਰ ਅਵਸਥਾ ਹੁੰਦੀ ਹੈ ਕਿ ਕੁਝ ਸਮੇਂ ਲਈ ਉਹ ਆਪਣੇ ਅਸਲ ਵਿਅਕਤੀਤਵ ਨਾਲੋਂ ਬਿਲਕੁੱਲ ਹੀ ਟੁੱਟ ਜਾਂਦਾ ਹੈ।

ਸਾਡਾ ਸਮਾਜਿਕ ਮਾਹੌਲ ਵੀ ਅਜਿਹੇ ਮਨੋਰੋਗੀ ਨੂੰ ਮਾਨਸਿਕ ਤੌਰ 'ਤੇ ਸਹਾਰਾ ਦੇਣ ਵਾਲਾ ਨਾ ਹੋਣ ਕਾਰਨ ਇਹ ਬਿਮਾਰੀ ਬਹੁਤ ਹੱਦ ਤੱਕ ਵਧ ਜਾਂਦੀ ਹੈ ।ਜੋ ਭੂਤ ਕੱਢਣ ਵਾਲੇ ਬਾਬੇ ਹਨ, ਜੋ ਆਪਣੇ ਆਪ ਨੂੰ ਦੂਜੇ 'ਚੋਂ ਭੂਤ ਕੱਢਣ ਦੇ ਸਮਰੱਥ ਸਮਝਦੇ ਹਨ, ਅਸਲ 'ਚ ਉਹ ਵੀ ਮਨੋਰੋਗ ਨਾਲ਼ ਪੀੜਿਤ ਹੁੰਦੇ ਹਨ, ਜਿਸਨੂੰ ਡਲਿਊਜ਼ਨਲ ਡਿਸਆਰਡਰ ਕਿਹਾ ਜਾਂਦਾ ਹੈ । ਉਹ ਲੋਕ ਮਨੋ ਭਰਮ ਦੇ ਸ਼ਿਕਾਰ ਹੁੰਦੇ ਹਨ ਤੇ ਉਨ੍ਹਾਂ ਨੂੰ ਆਪਣੇ ਆਪ ਵਿੱਚ ਅਲੌਕਿਕ ਸ਼ਕਤੀ ਹੋਣ ਦਾ ਭਰਮ ਪੈਦਾ ਹੋ ਜਾਂਦਾ ਹੈ ।ਆਮ ਜਨਤਾ ਦੀ ਆਸਥਾ ਤਾਂ ਪਹਿਲਾਂ ਹੀ ਅਜਿਹੀਆਂ ਸ਼ਕਤੀਆਂ ਪ੍ਰਤੀ ਬਹੁਤ ਜ਼ਿਆਦਾ ਹੁੰਦੀ ਹੈ ਤੇ ਜਦ ਉਹ ਲੋਕ ਅਜਿਹੀਆਂ ਸਕਤੀਆਂ ਦੇ ਹੋਣ ਦਾ ਜ਼ਿਕਰ ਕਰਦੇ ਹਨ ਤਾਂ ਆਮ ਲੋਕ ਬਿਨਾਂ ਸੱਚ ਦੀ ਕਸੌਟੀ 'ਤੇ ਪਰਖਿਆਂ, ਉਨ੍ਹਾਂ ਦੇ ਮਗਰ ਲੱਗ ਜਾਂਦੇ ਹਨ ।ਉਨ੍ਹਾਂ ਕੋਲ ਵੀ ਸੰਮੋਹਨ ਦੀ ਕਲਾ ਹੋ ਸਕਦੀ ਹੈ, ਜਿਸ ਰਾਹੀਂ ਉਹ ਮਨੋਰੋਗੀ ਨੂੰ ਆਪਣੇ ਮਗਰ ਲਗਾ ਲੈਂਦੇ ਹਨ ਤੇ ਮਨੋਰੋਗੀ ਆਪਣੇ ਆਪ 'ਚ ਆਰਾਮ ਵੀ ਮਹਿਸੂਸ ਕਰ ਸਕਦਾ ਹੈ ।ਮਨੋਭਰਮ ਦੇ ਰੋਗੀ ਭਾਵ ਚੇਲੇ ਜਾਂ ਤਾਂਤਰਿਕ ਇਲਾਜ ਕਰਨ ਦੇ ਨਾਮ 'ਤੇ ਵਹਿਸ਼ਿਆਨਾ ਵਿਵਹਾਰ ਵੀ ਕਰ ਸਕਦੇ ਹਨ ।ਉਹ ਲੋਕ ਭੂਤ ਵਾਸੇ ਵਾਲੇ ਨੂੰ ਭਾਵ ਮਨੋਰੋਗੀ ਨੂੰ ਬੁਰੀ ਤਰ੍ਹਾਂ ਕੁੱਟ ਮਾਰ ਕਰ ਸਕਦੇ ਹਨ, ਕਿਉਂ ਜੋ ਉਹ ਆਪਣੇ ਤੌਰ 'ਤੇ ਭੂਤ ਨੂੰ ਕੁੱਟਦੇ ਹਨ ।ਉਹ ਲੋਕ ਆਪਣੇ ਆਪ ਨੂੰ ਵੀ ਕੁੱਟ ਮਾਰ ਕਰ ਸਕਦੇ ਹਨ, ਕਿਉਂ ਜੋ ਉਹ ਆਪਣੇ ਅਸਲ ਵਿਅਕਤੀਤਵ ਤੋਂ ਕੋਹਾਂ ਦੂਰ ਹੁੰਦੇ ਹਨ । ਜ਼ਿਕਰਯੋਗ ਹੈ ਕਿ ਸੰਮੋਹਿਤ ਕੀਤੇ ਗਏ ਵਿਅਕਤੀ ਨੂੰ ਵੀ ਚੂੰਢੀ ਆਦਿ ਵੱਢਣ ਜਾਂ ਮਾਰਨ ਨਾਲ ਦਰਦ ਦਾ ਅਹਿਸਾਸ ਨਹੀਂ ਹੁੰਦਾ ।

ਭੂਤ ਆਉਣਾ, ਸਿਰ ਘੁਮਾਉਣਾ, ਕਸਰ ਹੋਣਾ ਆਦਿ ਸਮੱਸਿਆਵਾਂ ਜ਼ਿਆਦਾਤਰ ਔਰਤਾਂ 'ਚ ਪਾਈਆਂ ਜਾਂਦੀਆਂ ਹਨ । ਇਸਦਾ ਕਾਰਣ ਭੂਤਕਾਲ 'ਚ ਵਾਪਰੀਆਂ ਘਟਨਾਵਾਂ ਤੋਂ ਇਲਾਵਾ ਸੰਬੰਧਿਤ ਵਿਅਕਤੀ ਜਾਂ ਔਰਤ ਨੂੰ ਹੋਰਨਾਂ ਵੱਲੋਂ ਨਜ਼ਰਅੰਦਾਜ ਕਰਨਾ, ਆਰਥਿਕ ਤੌਰ 'ਤੇ ਕਮਜ਼ੋਰ ਹੋਣਾ ਜਾਂ ਕਾਣੀ ਵੰਡ ਹੋਣਾ, ਭਾਵਨਾਵਾਂ ਦਾ ਦਬਿਆ ਰਹਿ ਜਾਣਾ ਆਦਿ ਹੁੰਦੀਆਂ ਹਨ । ਉਹ ਅਜਿਹੀਆਂ ਹਰਕਤਾਂ ਕਰ ਕੇ ਦੂਜਿਆਂ ਦਾ ਧਿਆਨ ਆਪਣੇ ਵੱਲ ਖਿਚਣਾ ਚਾਹੁੰਦੇ ਹਨ ।ਖਾਸ ਤੌਰ 'ਤੇ ਜੁਆਨ ਕੁੜੀਆਂ 'ਚ ਜੇਕਰ ਇਹ ਸਮੱਸਿਆ ਪਾਈ ਜਾਵੇ ਤਾਂ ਉਸਦਾ ਕਾਰਣ ਵਿਆਹ 'ਚ ਦੇਰੀ ਜਾਂ ਵਿਆਹ ਦੀ ਜ਼ਰੂਰਤ ਹੋ ਸਕਦਾ ਹੈ । ਜੋ ਲੋਕ ਕਾਲਪਨਿਕ ਦ੍ਰਿਸ਼ ਦੇਖਦੇ ਹਨ, ਉਹ ਵੀ ਹੈਲੋਸੀਨੇਸ਼ਨ ਨਾਮਕ ਮਾਨਸਿਕ ਰੋਗ ਦੇ ਸ਼ਿਕਾਰ ਹੁੰਦੇ ਹਨ ।ਇਹ ਦੋ ਤਰ੍ਹਾਂ ਦੇ ਹੋ ਸਕਦੇ ਹਨ, ਇੱਕ ਤਾਂ ਕਿਸੇ ਵਸਤੂ ਨੂੰ ਹੋਰ ਕੋਈ ਵਸਤੂ ਸਮਝ ਲੈਣਾ ਤੇ ਦੂਜੀ ਸਥਿਤੀ ਹੋਰ ਵੀ ਗੰਭੀਰ ਹੁੰਦੀ ਹੈ, ਜਿਵੇਂ ਕਿ ਕੁਝ ਵੀ ਨਾ ਹੁੰਦੇ ਹੋਏ ਕੋਈ ਵਸਤੂ ਦੇਖਣਾ ।ਉਦਾਹਰਣ ਦੇ ਤੌਰ 'ਤੇ ਇੱਕ ਤਾਂ ਉਹ ਜੋ ਕਿ ਰੱਸੀ ਨੂੰ ਸੱਪ ਸਮਝ ਬੈਠਦੇ ਹਨ ਤੇ ਦੂਜੇ ਉਹ ਜੋ ਕੁਝ ਵੀ ਨਾ ਹੁੰਦੇ ਹੋਏ ਸੱਪ ਦੇਖਦੇ ਹਨ ।ਸੰਮੋਹਨ ਵਿੱਚ ਪੰਜੇ ਗਿਆਨ ਇੰਦਰੀਆਂ ਸੰਮੋਹਨਕਰਤਾ ਦੇ ਹੱਥ 'ਚ ਆ ਜਾਂਦੀਆਂ ਹਨ । ਸੰਮੋਹਨਕਰਤਾ ਮਨੋਰੋਗੀ ਨੂੰ ਕੋਈ ਵੀ ਕਾਲਪਨਿਕ ਦ੍ਰਿਸ਼ ਦਿਖਾ ਸਕਦਾ ਹੈ, ਸੁਆਦ ਦਾ ਅਨੁਭਵ ਕਰਵਾ ਸਕਦਾ ਹੈ, ਆਮ ਵਸਤੂ ਦਾ ਗਰਮ ਜਾਂ ਠੰਢਾ ਅਨੁਭਵ ਕਰਵਾ ਸਕਦਾ ਹੈ, ਬਿਨਾਂ ਬੋਲੇ ਕੋਈ ਆਵਾਜ਼ ਸੁਣਾ ਸਕਦਾ ਹੈ । ਜੇਕਰ ਕੋਈ ਵਿਦਿਆਰਥੀ ਕਿਸੇ ਵਿਸ਼ੇ ਨੂੰ ਬਹੁਤ ਜ਼ਿਆਦਾ ਖੁੱਭ ਕੇ ਪੜ੍ਹਨ ਲੱਗ ਜਾਵੇ ਜਾਂ ਕਿਸੇ ਵਿਅਕਤੀ ਦੀ ਕਿਸੇ ਵਿਸ਼ੇਸ਼ ਗੱਲ ਜਾਂ ਸਖਸ਼ੀਅਤ 'ਚ ਬਹੁਤ ਜ਼ਿਆਦਾ ਦਿਲਚਸਪੀ ਹੋ ਜਾਵੇ ਤਾਂ ਸੰਭਵ ਹੈ ਕਿ ਉਸਨੂੰ ਉਸ ਵਿਸ਼ੇ ਨਾਲ਼ ਸੰਬੰਧਿਤ ਕੁਝ ਦਿਸਣ ਲੱਗ ਜਾਵੇ ।ਸੰਮੋਹਨ ਵਿੱਦਿਆ 'ਚ ਮਨੋਰੋਗੀ ਨੂੰ ਇਸ ਅਵਸਥਾ 'ਚ ਲੈ ਜਾ ਕੇ ਉਸਨੂੰ ਕਾਲਪਨਿਕ ਦ੍ਰਿਸ਼ ਦਿਖਾ ਕੇ ਰੂਹ ਜਾਂ ਭੂਤ ਦੇ ਨਿੱਕਲ ਜਾਣ ਬਾਰੇ ਦਿਖਾਇਆ ਤੇ ਸਮਝਾਇਆ ਜਾਂਦਾ ਹੈ । ਜਦ ਮਨੋਰੋਗੀ ਇਸ ਨੀਂਦ ਤੋਂ ਜਾਗਦਾ ਹੈ ਤਾਂ ਉਹ ਇਹੀ ਸਮਝਦਾ ਹੈ ਕਿ ਉਸ 'ਚੋਂ ਭੂਤ ਨਿੱਕਲ ਗਿਆ ਹੈ ਤੇ ਉਹ ਆਪਣੇ ਆਪ ਨੂੰ ਠੀਕ ਮਹਿਸੂਸ ਕਰਦਾ ਹੈ । ਜਦ ਕਿ ਅਸਲੀਅਤ ਇਹ ਹੈ ਕਿ ਸੰਮੋਹਨ ਦੀ ਅਵਸਥਾ 'ਚ ਉਸਦੇ ਅਵਚੇਤਨ ਮਨ ਦਾ ਕੂੜਾ ਕਬਾੜ (ਵਹਿਮ ਭਰਮ) ਗੱਲਾਂਬਾਤਾਂ ਨਾਲ਼ ਕੱਢ ਦਿੱਤਾ ਜਾਂਦਾ ਹੈ । ਜੇਕਰ ਪਰਿਵਾਰ 'ਚ ਕਿਸੇ ਨੂੰ ਕਸਰ ਹੋ ਜਾਵੇ ਭਾਵ ਮਨੋਰੋਗ ਤੋਂ ਪੀੜਿਤ ਹੋ ਜਾਵੇ ਤਾਂ ਉਸਦੀ ਪਹਿਚਾਣ ਵੀ ਸੰਭਵ ਹੈ।

# ਐਂਬੂਲੈਂਸ ਵਿੱਚ ਕੀਤਾ ਸਫ਼ਰ

ਤਿੰਨ ਮਾਰਚ 2011 ਨੂੰ ਸਵੇਰ ਸਮੇਂ ਮੈਂ ਆਪਣੇ ਪਾਪਾ ਨੂੰ ਮੰਜੇ ਤੋਂ ਉਠਾ ਕੇ ਸਹਾਰਾ ਦਿੰਦਿਆਂ ਕੁਰਸੀ ਉੱਤੇ ਬਿਠਾ ਦਿੱਤਾ ਅਤੇ ਫਿਰ ਪਾਣੀ ਦੀ ਬਾਲਟੀ, ਤੌਲੀਆ, ਸਾਬਣ, ਪਰਨਾ ਅਤੇ ਕੁੜਤਾ ਪਜਾਮਾ ਲਿਆ ਕੇ ਮੰਜੇ ਉੱਤੇ ਰੱਖ ਲਿਆ। ਪਾਪਾ ਨੂੰ ਇਸ਼ਨਾਨ ਕਰਵਾ ਕੇ ਉਨ੍ਹਾਂ ਦੇ ਕੱਪੜੇ ਬਦਲੇ ਅਤੇ ਕਾਰ ਵਿੱਚ ਬਿਠਾ ਕੇ ਲੁਧਿਆਣੇ ਇਕ ਡਾਕਟਰ ਕੋਲ ਚੈਕਅੱਪ ਕਰਵਾਉਣ ਲਈ ਹਸਪਤਾਲ ਪਹੁੰਚ ਗਿਆ।

ਛੇ ਮਹੀਨੇ ਪਹਿਲਾਂ ਪਾਪਾ ਘਰ ਵਿੱਚ ਅਚਾਨਕ ਡਿੱਗ ਪਏ ਸਨ, ਜਿਸ ਕਰਕੇ ਉਨ੍ਹਾਂ ਦੀ ਸੱਜੀ ਲੱਤ ਟੁੱਟ ਗਈ ਸੀ। ਮੈਂ ਉਨ੍ਹਾਂ ਨੂੰ ਉਸ ਸਮੇਂ ਇਕ ਹਸਪਤਾਲ ਵਿੱਚ ਲੈ ਗਿਆ ਸੀ। ਡਾਕਟਰ ਨੇ ਉਨ੍ਹਾਂ ਦੀ ਲੱਤ ਵਿੱਚ ਪਲੇਟ ਪਾਈ ਤੇ ਚੌਥੇ ਦਿਨ ਛੁੱਟੀ ਦਿੰਦਿਆਂ ਕਿਹਾ ਸੀ ਕਿ ਲੱਤ ਦੀ ਹੱਡੀ ਕਮਜ਼ੋਰ ਹੋਣ ਕਾਰਨ ਛੇ ਮਹੀਨੇ ਬੈਡ ਉਪਰ ਆਰਾਮ ਕਰਨਾ ਪਵੇਗਾ। ਡਾਕਟਰ ਦੀ ਸਲਾਹ ਮੰਨ ਕੇ ਪਿਤਾ ਨੂੰ ਪੂਰੀ ਤਰ੍ਹਾਂ ਆਰਾਮ ਕਰਵਾਇਆ ਤੇ ਛੇ ਮਹੀਨੇ ਪੂਰੇ ਹੋਣ ਬਾਅਦ ਮੈਂ ਡਾਕਟਰ ਕੋਲ ਉਨ੍ਹਾਂ ਨੂੰ ਲਿਜਾ ਰਿਹਾ ਸੀ। ਅੱਧੇ ਕੁ ਘੰਟੇ ਵਿੱਚ ਅਸੀਂ ਹਸਪਤਾਲ ਜਾ ਪਹੁੰਚੇ। ਡਾਕਟਰ ਨੇ ਐਕਸਰੇ ਕਰ ਕੇ ਮੈਨੂੰ ਬੁਲਾ ਕੇ ਦੱਸਿਆ ਕਿ ਲੱਤ ਵਿੱਚ ਪਲੇਟ ਆਪਣੀ ਜਗ੍ਹਾ ਤੋਂ ਖਿਸਕ ਗਈ ਹੈ, ਇਸ ਦਾ ਛੋਟਾ ਜਿਹਾ ਅਪਰੇਸ਼ਨ ਕਰਨਾ ਪਵੇਗਾ, ਜਿਸ ਦੀ ਮੈਂ ਹਾਮੀ ਭਰ ਦਿੱਤੀ। ਉਹ ਘੰਟੇ ਕੁ ਬਾਅਦ ਪਾਪਾ ਨੂੰ ਅਪਰੇਸ਼ਨ ਥੀਏਟਰ ਵਿੱਚ ਲੈ ਗਏ ਤੇ ਮੈਂ ਬਾਹਰ ਬੈਠ ਕੇ ਉਡੀਕ ਕਰਨ ਲੱਗਾ। ਤਕਰੀਬਨ ਪੌਣੇ ਘੰਟੇ ਬਾਅਦ ਮੈਨੂੰ ਅਪਰੇਸ਼ਨ ਥੀਏਟਰ ਵਿੱਚ ਬੁਲਾ ਲਿਆ ਗਿਆ। ਜਦੋਂ ਮੈਂ ਅਪਰੇਸ਼ਨ ਥੀਏਦਰ ਵਿੱਚ ਗਿਆ ਤਾਂ ਸਾਹਮਣੇ ਵਾਲਾ ਦ੍ਰਿਸ਼ ਵੇਖ ਕੇ ਇਕ ਵਾਰ ਠਠੰਬਰ ਹੀ ਗਿਆ। ਸਾਰਾ ਫਰਸ਼ ਖੂਨ ਨਾਲ ਲੱਥਪੱਥ ਹੋਇਆ ਪਿਆ ਸੀ। ਡਾਕਟਰ ਤੇ ਉਸ ਦੇ ਸਹਾਇਕ ਘਬਰਾਏ ਹੋਏ ਸਨ। ਲੱਤ ਵਿੱਚੋਂ ਖੂਨ ਫੁਹਾਰੇ ਵਾਂਗ ਵਗ ਰਿਹਾ ਸੀ। ਡਾਕਟਰ ਨੇ ਮੈਨੂੰ ਕਿਹਾ, 'ਤੇਰੇ ਪਾਪਾ ਨੂੰ ਹੱਡੀਆਂ ਦਾ ਕੈਂਸਰ ਹੈ।' ਮੇਰੇ ਪੈਰਾਂ ਹੇਠ ਜਿਵੇਂ ਜ਼ਮੀਨ ਖਿਸਕ ਗਈ। ਕੈਂਸਰ ਦਾ ਨਾਂ ਸੁਣ ਕੇ ਮੇਰੇ ਦਿਮਾਗ ਵਿੱਚ ਪਤਾ ਨਹੀਂ ਕੀ-ਕੀ ਰੀਲ੍ਹ ਵਾਂਗ ਘੁੰਮ ਗਿਆ।

ਮੈਂ ਡਾਕਟਰ ਦੀ ਸਲਾਹ ਬਾਰੇ ਆਪਣੇ ਪਰਵਾਰ ਨਾਲ ਫੋਨ 'ਤੇ ਗੱਲਬਾਤ ਕਰਕੇ ਪਾਪਾ ਨੂੰ ਮੋਹਨ ਦੇਈ ਕੈਂਸਰ ਹਸਪਤਾਲ ਲਿਜਾਣ ਦਾ ਮਨ ਬਣਾ ਲਿਆ। ਪਾਪਾ ਦੀ ਹਾਲਤ ਕਾਫੀ ਖਰਾਬ ਹੋ ਚੁੱਕੀ ਸੀ। ਐਂਬੂਲੈਂਸ ਮੰਗਵਾਈ ਗਈ। ਹਸਪਤਾਲ ਵਾਲੇ ਪਾਪਾ ਨੂੰ ਸਟਰੈਚਰ 'ਤੇ ਲਿਆ ਕੇ ਐਂਬੂਲੈਂਸ ਵਿੱਚ ਪਾ ਕੇ ਸੁਰਖਰੂ ਹੋ ਗਏ, ਪਰ ਮੇਰੇ ਲਈ ਬਹੁਤ ਵੱਡੀ ਫਿਕਰਮੰਦੀ ਬਣ ਗਈ। ਡਰਾਈਵਰ ਨੇ ਐਂਬੂਲੈਂਸ ਤੋਰਦਿਆਂ ਹੂਟਰ ਲਾ ਦਿੱਤਾ। ਪਾਪਾ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਸਨ। ਮੇਰੇ ਇਕ ਹੱਥ ਵਿੱਚ ਗੁਲੂਕੋਜ਼ ਵਾਲੀ ਬੋਤਲ ਅਤੇ ਦੂਜੇ ਹੱਥ ਵਿੱਚ ਪਾਪਾ ਦੀ ਨਬਜ਼ ਸੀ।

ਐਂਬੂਲੈਂਸ ਸ਼ਹਿਰ ਦੀ ਸੜਕ ਉੱਤੇ ਭਾਵੇਂ ਕਾਫੀ ਤੇਜ਼ ਜਾ ਰਹੀ ਸੀ, ਪਰ ਚੌਂਕਾਂ ਵਿੱਚ ਲੱਗੀਆਂ ਬੱਤੀਆਂ ਅਤੇ ਰਸਤੇ ਵਿੱਚ ਆ ਰਹੀਆਂ ਅਨੇਕਾਂ ਰੁਕਾਵਟਾਂ ਮੈਨੂੰ ਬੇਹੱਦ ਦੁਖੀ ਕਰ ਰਹੀਆਂ ਸਨ। ਰਸਤੇ ਵਿੱਚ ਪਾਪਾ ਦੀ ਹੋਰ ਵਿਗੜ ਰਹੀ ਹਾਲਤ ਤੇ ਵਾਹਨ ਚਾਲਕਾਂ ਵੱਲੋਂ ਐਂਬੂਲੈਂਸ ਨੂੰ ਰਸਤਾ ਨਾ ਦੇਣਾ ਮੇਰੇ ਦਿਲ ਦੀ ਧੜਕਣ ਨੂੰ ਹੋਰ ਤੇਜ਼ੀ ਕਰੀ ਜਾਂਦਾ ਸੀ। ਮੈਂ ਹਰ ਸਾਹ ਨਾਲ ਅਰਦਾਸ ਕਰ ਰਿਹਾ ਸੀ ਕਿ ਰਸਤੇ ਦੇ ਹਰ ਚੌਂਕ ਦੀ ਬੱਤੀ ਹਰੀ ਮਿਲੇ ਤੇ ਹੋਰ ਕੋਈ ਅੜਿੱਕਾ ਨਾ ਪਵੇ ਤਾਂ ਜੋ ਅਸੀਂ ਛੇਤੀ ਹਸਪਤਾਲ ਪਹੁੰਚ ਜਾਈਏ। ਮੇਰੀਆਂ ਨਜ਼ਰਾਂ ਕਦੀ ਪਾਪਾ ਦੇ ਚਿਹਰੇ 'ਤੇ, ਕਦੀ ਗੁਲੂਕੋਜ਼ ਵਾਲੀ ਬੋਤਲ ਦੀ ਪਾਈਪ ਵਿੱਚ ਡਿਗਦੀ ਇਕ-ਇਕ ਬੂੰਦ ਅਤੇ ਕਦੀ ਐਂਬੂਲੈਂਸ ਦੀ ਬਰੇਕ ਲੱਗਣ ਦਾ ਕਾਰਨ ਜਾਨਣ ਲਈ ਸ਼ੀਸ਼ੇ ਵਿੱਚੋਂ ਬਾਹਰ ਸੜਕ 'ਤੇ ਪੈ ਰਹੀਆਂ ਸਨ। ਤਕਰੀਬਨ 7-8 ਕਿਲੋਮੀਟਰ ਸਫਰ ਮੈਨੂੰ ਸੈਂਕੜੇ ਮੀਲਾਂ ਦਾ ਜਾਪ ਰਿਹਾ ਸੀ। ਜਦੋਂ ਐਂਬੂਲੈਂਸ ਮੋਹਨ ਦੇਈ ਕੈਂਸਰ ਹਸਪਤਾਲ ਪਹੁੰਚੀ ਤਾਂ ਮੈਨੂੰ ਸੁਖ ਦਾ ਸਾਹ ਆਇਆ। ਭਾਵੇਂ 22 ਦਿਨਾਂ ਦੀ ਜੱਦੋਜਹਿਦ ਪਿੱਛੋਂ ਵੀ ਮੈਂ ਪਾਪਾ ਨੂੰ ਜਿਉਂਦੇ ਘਰ ਨਹੀਂ ਲਿਆ ਸਕਿਆ, ਪਰ ਉਨ੍ਹਾਂ ਨੂੰ ਹਸਪਤਾਲ ਲਿਜਾਣ ਸਮੇਂ ਰਸਤੇ ਵਿੱਚ ਐਂਬੂਲੈਂਸ ਨੂੰ ਹੋ ਰਹੀ ਇਕ ਮਿੰਟ ਦੀ ਦੇਰੀ ਵੀ ਉਸ ਸਮੇਂ ਮੈਥੋਂ ਬਰਦਾਸ਼ਤ ਨਹੀਂ ਸੀ ਹੋ ਰਹੀ।

ਮੈਂ ਅੱਜ ਵੀ ਜਦੋਂ ਕਿਸੇ ਐਂਬੂਲੈਂਸ ਨੂੰ ਹੂਟਰ ਮਾਰਦਿਆਂ ਸੜਕ ਉਪਰ ਜਾਂਦਿਆਂ ਵੇਖਦਾ ਹਾਂ ਜਾਂ ਉਹ ਆਵਾਜ਼ ਮੇਰੇ ਕੰਨੀਂ ਪੈਂਦੀ ਹੈ ਤਾਂ ਮੈਨੂੰ ਆਪਣਾ ਐਂਬੂਲੈਂਸ ਵਿੱਚ ਕੀਤਾ ਬੇਹੱਦ ਬੇਚੈਨੀ ਵਾਲਾ ਸਫਰ ਯਾਦ ਆ ਜਾਂਦਾ ਹੈ। ਮੈਂ ਵੇਖਦਾ ਹਾਂ ਕਿ ਲੋਕਾਂ ਨੂੰ ਖੁਦ ਅੱਗੇ ਲੰਘਣ ਦੀ ਕਿੰਨੀ ਕਾਹਲ ਹੁੰਦੀ ਹੈ। ਐਂਬੂਲੈਂਸ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ ਬਾਰੇ ਕੋਈ ਨਹੀਂ ਸੋਚਦਾ। ਐਂਬੂਲੈਂਸ ਦਾ ਹੂਟਰ ਸੁਣ ਕੇ ਆਪਣੇ ਵਾਹਨ ਨੂੰ ਇਕ ਪਾਸੇ ਕਰਦਿਆਂ ਰਾਹ ਦੇਣ ਦਾ ਸੁਭਾਅ ਬਹੁਤ ਥੋੜ੍ਹੇ ਲੋਕਾਂ ਦੇ ਹਿੱਸੇ ਆਇਆ ਹੈ। ਕਿਸੇ ਕੀਮਤੀ ਜਾਨ ਨੂੰ ਬਚਾਉਣ ਲਈ ਐਂਬੂਲੈਂਸ ਨੂੰ ਰਸਤਾ ਦੇਣਾ ਹੀ ਸਾਡੇ ਵੱਲੋਂ ਉਸ ਦੀ ਵੱਡੀ ਮਦਦ ਸਾਬਤ ਹੋ ਸਕਦਾ ਹੈ।


हरियाणा सरकार
गणतंत्र के गौरव गान में, भारत की शान में,
आओ फहराएं तिरंगा, संविधान के सम्मान में
26 ਜਨਵਰੀ, 2026
ਗਣਤੰਤਰ ਦਿਵਸ
ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ
ਹਾਰਦਿਕ ਸ਼ੁਭਕਾਮਨਾਵਾਂ
"गणतंत्र दिवस की ढेरों शुभकामनाएं !
इस अवसर पर हम उन सभी महान विभूतियों को नमन करते हैं,
जिन्होंने हमारा संविधान बनाकर यह सुनिश्चित किया कि
हमारी विकास यात्रा लोकतंत्र, गरिमा और एकता पर आधारित हो।"
- नरेन्द्र मोदी
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ
www.prharyana.gov.in | Follow us on @diprharyana